ALL STAR DRIVING SCHOOL
$10.00 ਪੰਜਾਬੀ ਗਾਈਡ ਇਥੇ ਮਿਲਦੀ ਹੈ
ਬੀਬੀਆਂ ਅਤੇ ਭੈਣਾਂ ਲਈ ਲੇਡੀ ਇੰਸਟਰਕਟਰ
KNOWLEDGE & DRIVING TESTS DONE HERE
24620 MILITARY RD S, KENT, WA 98032
Ph: 253-852-1996
WA STATE APPROVED SINCE 2004
www.allstardrivingschool.info

KALER TAX AND ACCOUNT LLC
Harjinder S. Kaler 206.551.6666
Personal And Business Tax Filling, 1099, W2 Immigration, Passport, Visa And Petition, Business Start, Obama Health Care Broker And All Other Applications Services
10618 SE 240 ST, SUITE 204, KENT, WA 98031 kalertax@gmail.com
ਹਰਜਿੰਦਰ ਸਿੰਘ ਕਲੇਰ

ACCURATE ACCOUNTS AND TAXES
Contact For Business Accounting
Payroll
Tax Filling
Book Keeping
Other Paper Work
Immigration Consultancy
New Business Setup Services
MOHINDER S. SOHAL
Cell: 206-841-1431
Buss:253-520-8886
Email:mssohal@yahoo.com

ਕਨੇਡਾ ਅਤੇ ਅਮਰੀਕਾ ਵਿਚ ਸਭ ਤੋਂ ਵੱਧ ਪੜਿਆ ਜਾਣ ਵਾਲਾ ਹਰਮਨ ਪਿਆਰਾ ਪੰਜਾਬੀ ਹਫਤਾਵਾਰੀ ਅਖਬਾਰ

# ਪੰਜਾਬ ਗਾਰਡੀਅਨ
# PUNJAB GUARDIAN

ਆਓ ਪੰਜਾਬੀ ਮਾਂ ਬੋਲੀ ਦਾ ਮਾਣ ਵਧਾਈਏ
ਆਓ ਸਾਰੇ ਆਪਣੇ ਘਰਾਂ ਵਿੱਚ ਪੰਜਾਬੀ ਵਿੱਚ ਗੱਲਬਾਤ ਕਰਨੀ ਸ਼ੁਰੂ ਕਰੀਏ

B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
USA Greater Seattle, Everett, Marysville Portland, Bellingham, Belivue, Lyndon, Lynwood
sales@punjabguardian.com
www.punjabguardian.com

Tel: 604-590-5200 Fax:604-596-5700 Toll Free: 1-877-584-5200 Vol. 33, Issue No. 01, Ending Date:Jan 02, 2026

LOAN FACTORY
COMMERCIAL AND RESIDENTIAL LOANS
30Yr Fixed/Arm
SBA Loans
Bank Statement
Profit and Loss only
Construction Loans
Line of Credit
Jasdeep Singh
Loan Officer | NMLS 1900093
Cell: 253-223-3717

## ਬੀਸੀ ਗੁਰਦੁਆਰਾ ਸੁਸਾਇਟੀਆਂ ਵੱਲੋਂ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਸਹਿਯੋਗ ਨਾਲ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਦੇ 30ਵੇਂ ਸਾਲ ਨੂੰ ਸਮਰਪਿਤ ਹੋਇਆ ਸੈਮੀਨਾਰ





ਸਰੀ:ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 30ਵੀਂ ਵਰ੍ਹੇਗੰਢ 'ਤੇ ਵਿਸ਼ੇਸ਼ ਸੈਮੀਨਾਰ, ਬੀਸੀ ਦੀਆਂ ਗੁਰਦੁਆਰਾ ਸੁਸਾਇਟੀਆਂ ਨੇ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਸਹਿਯੋਗ ਨਾਲ 21 ਦਸੰਬਰ ਦਿਨ ਐਤਵਾਰ ਨੂੰ ਗਰੈਂਡ ਅੰਪਾਇਰ ਬੈਂਕੁਟ ਹਾਲ ਸਰੀ ਵਿਖੇ ਕਰਵਾਇਆ।

(ਪੂਰਾ ਵੇਰਵਾ ਸਫਾ ਬੀ-16/17ਤੇ ਪੜ੍ਹੋ)

## ਗ੍ਰੀਨਲੈਂਡ ਦੀ ਖੁਦਮੁਖ਼ਤਿਆਰੀ ਦਾ ਸਮਰਥਨ ਤੇ ਸਨਮਾਨ ਕਰਦਾ ਹੈ ਕੈਨੇਡਾ:ਆਨੰਦ

ਓਟਵਾ:ਅਮਰੀਕਾ ਵੱਲੋਂ ਇੱਕ ਵਾਰੀ ਮੁੜ ਡੈਨਮਾਰਕ ਨੂੰ ਆਪਣੇ ਵਿੱਚ ਰਲਾਉਣ ਦੀ ਇੱਛਾ ਦਾ ਇਜ਼ਹਾਰ ਕੀਤੇ ਜਾਣ ਤੋਂ ਬਾਅਦ ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਇਹ ਗੱਲ ਦ੍ਰਿੜਤਾ ਨਾਲ ਆਖੀ ਕਿ ਉਹ ਗ੍ਰੀਨਲੈਂਡ ਦੀ ਖੁਦਮੁਖ਼ਤਿਆਰੀ ਦੀ ਪੁਸ਼ਟੀ ਕਰਦੀ ਹੈ।ਮੰਗਲਵਾਰ ਨੂੰ ਡੈਨਮਾਰਕ ਦੇ ਆਪਣੇ ਹਮਰੁਤਬਾ ਅਧਿਕਾਰੀ ਲਾਰਸ ਲੌਕੇ ਰਾਸਮੁਸੈਨ ਨਾਲ ਗੱਲ ਕਰਨ ਸਬੰਧੀ ਜਾਣਕਾਰੀ ਦਿੰਦਿਆਂ ਆਨੰਦ ਨੇ ਆਖਿਆ ਕਿ ਕੈਨੇਡਾ ਵੱਲੋਂ ਉਨ੍ਹਾਂ ਨੂੰ ਪੂਰੀ ਤਰ੍ਹਾਂ ਸਮਰਥਨ ਤੇ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ ਗਿਆ ਹੈ। ਆਨੰਦ ਨੇ ਆਖਿਆ ਕਿ ਕੈਨੇਡਾ ਖੁਦਮੁਖ਼ਤਿਆਰੀ ਤੇ ਟੈਰੇਟਰੀ ਦੀ ਅਖੰਡਤਾ ਦੀ ਅਹਿਮੀਅਤ ਜਾਣਦਾ ਹੈ ਤੇ ਇਸ ਦੀ ਪੂਰੀ ਕਦਰ ਕਰਦਾ ਹੈ।

Real Estate in Seattle Area
Residential & Commercial
• Multifamily Units & Apartments
• Notary Service
For Honest, Friendly & Best Service, Call
Sarbjit Singh Saab
Realtor (MLS, CBA)
Ph: 206.255.0101

BARRETT FINANCIAL GROUP
BARRETT FINANCIALGROUP NMLS #18110
Cell:206-391-2630
Email:hgrover@barrettfinancial.com
Web:www.barrettfinancial.com/hgrover
2701 East Insight Way, Suite 150, Chandler, AZ 85286
Harmandeep Grover

USA TRAVEL
24 Hr Emergency Call 206-992-2724
23609 104th Ave SE #103, Kent
Ph: 253-867-0450, 253-867-0451
1729 208th St Suite #202, Bothell
Ph: 425-420-1888 , 425-420-1889

Over 30 Years of Industry Experience
MULTANI LAW GROUP
Gerald F. Robison Senior Attorney
Jashan Multani 206-243-4219
Jashan Multani Associate Partner
Services we provide:
-Immigration/Political Asylum
U-Visa, Vawa
-SIJ Guardianship Cases
- Personal Injury/Car Accidents
- Evictions
Website:multanilawgroup.com
Email:Jashan@multanilawgroup.com
Add: 13106 S. East 240th St., #110, Kent, WA 98031

JASMEEN KAUR
C: 425-299-2284
Bus: 425-602-4150
jasmeenkaur@cbbain.com
COLDWELL BANKER BAIN
8525 -120TH Ave. NE, #100,Kirkland, WA 98033

John L. Scott REAL ESTATE
Kamaljit Singh
Real Estate Broker
* Residential * Commercial
* Bank Owned / Foreclosed
* Short Sale / Pre-Foreclosure
206-802-5699
Email:ksingh@johnlscott.com www.ksingh.johnlscott.com
Kent North Office:20829-72nd Ave S, Ste800 Kent, WA 98032

Berkshire Hathaway HOME SERVICES
Cell:206-446-9366
Office:253-854-9400
Northwest Real Estate
25230 104th Ave. S.E. Kent, WA 98030
eFax : 253-480-3448
Gagan@BHHSNWRE.com
GaganDeep.BGGSNWRE.com
ਗਗਨ ਚੌਹਾਨ

REAL ESTATE
For Residential/Commercial
• Short Sale • Foreclosed • Bank owned
• Hotels/Motels • Gas Stations • Vacant Lands
Sakater Singh Sandhu
Master Certified Negotiation Expert
Cell: 206-766-0551
KELLER WILLIAMS REALTY

WEST CAPITAL LENDING
YOUR PREFFERRED LOCAL LENDER

FOREVER ROOFING
Licensed,Bonded & Insured
PAWANDEEP JOSAN
Marketing Manager
Free Estimate 2062613683
Web:Foreverroofing.net
Email:info@foreverroofing.net

HUMBLE SANDHU SERVICES
"We help you help yourself"
*Immigration *Tax *Notary
Services We Provide
•Business & Personal Tax
•Indian Visa & OCI Applications
•Health Plans
Kent:253-338-9487
Puyallup:253-407-4723
Bellingham:360-440-5606
Email: myhumble@yahoo.com
25748-101st Ave, SE Kent WA 98030

LIFE INSURANCE | RETIREMENT PLANNING
Life Insurance
529 College Saving Plan*
IRA/401K Planning*
Mortgage Protection
Business Planning
Estate Conservation
Disability Insurance
Harpreet Parmar
Financial Services Professional
New York Life Insurance Company
15238 SE 272nd St Kent, WA 98042
Cell: 253-880-9968
www.harpreetparmar.com hparmar@ft.newyorklife.com

BALBIR SINGH NIJJAR
Senior Loan Originator
RESIDENTIAL or COMMERCIAL LOANS
206-650-3700
13401-NE Bel Red Road, Suite B4, Bellevue, WA 98005
Bsingh@wisemfg.com www.wizemtg.com

Real Estate Expert
Harjinder Singh
(206) 643-7853
Residential & Commercial
Harjinder@TheLionEstates.com
www.TheLionEstates.com
Kent, Renton, Auburn, Covington, Seattle, Everett, Lynnwood, Marysville, Bellevue, Redmond, Kirkland
CENTURY 21 Real Estate Center

Reshmi's Group

WISHES YOU A VERY HAPPY
MERRY CHRITSMAS AND
HAPPY NEW YEAR 2026




BUY NOW

For Wholesale Order at :
1120 Andover Park E,Tukwila, WA 98188,T: (206) 575-0050,
E: sales@reshmisgroup.com.



# HOLIDAY Sale

FINANCING AVAILABLE
NO CREDIT CHECK
90 DAYS NO-INTEREST

UNTIL DEC 24, 2025

All Diamond Jewelry on CLEARANCE

UP TO 60% OFF

Diamond Rings, Earrings, Necklaces, and much more

ਸਾਰੀ ਡਾਇਮੰਡ ਜਿਊਲਰੀ
ਤੇ ਕਲੀਅਰੈਂਸ ਲੱਗ ਚੁੱਕੀ ਹੈ
ਡਾਇਮੰਡ ਰਿੰਗਜ, ਈਅਰਰਿੰਗਜ,
ਨੈੱਕਲੇਸ ਅਤੇ ਹੋਰ ਬਹੁਤ ਕੁਝ



## Diwali Raffle Cash Giveaway

Join us as we select the
10 Lucky Winners of our

Don't miss this chance to see
if you're one of our big winners!

WEDNESDAY DECEMBER 31ST
3:00 PM – 5:00 PM

Follow us on social media
for updates and Live Feed
@TajJewelers

Enjoy
Chai & Samosa
while visiting
the store!

ਸਟੋਰ ਤੇ
ਚਾਹ ਸਮੋਸਿਆ ਦਾ
ਅਨੰਦ ਮਾਣੋ

## ਦੀਵਾਲੀ ਰੈਫਲ ਕੈਸ਼ ਗਿਵਵੇਅ

ਅਸੀਂ 10 ਲੱਕੀ ਜੇਤੂ ਇਨਾਮ ਲਈ ਚੁਣਾਂਗੇ
ਮੌਕਾ ਹੱਥੋਂ ਨਾ ਗਵਾਓ
ਤੁਸੀਂ ਸਾਡੇ ਜੇਤੂਆਂ ਵਿਚੋਂ ਇਕ ਹੋ ਸਕਦੇ ਹੋ
ਦਸੰਬਰ 31 ਦਿਨ ਬੁੱਧਵਾਰ
ਸ਼ਾਮ 3 ਵਜੇ ਤੋਂ 5 ਵਜੇ ਤੱਕ
ਲਾਈਵ ਫੀਡ ਅਤੇ ਅਪਡੇਟਸ ਲਈ ਸਾਡੇ ਸੋਸ਼ਲ ਮੀਡੀਆ ਤੇ ਜਾਓ
@TajJewelers

TAJ JEWELERS
253-981-3071
10120 SE 260th ST #110
Kent, WA 98030

TAJ GOLD & DIAMOND JEWELERS
253-236-2757
25619 104th Ave SE
Kent, WA 98030

www.TajGoldandDiamond.com

# ਡਾ.ਅਮਨਜੀਤ ਕੌਰ ਸਹੋਤਾ ਦਾ 'ਸ਼ਾਲਾਘਾਯੋਗ' ਉੱਦਮ

## ਉਨ੍ਹਾਂ ਵੱਲੋਂ ਲਿਖੀ 'ਅਖਾਣ' ਪੁਸਤਕ ਅਉਣ ਵਾਲੀਆਂ ਪੀੜ੍ਹੀਆਂ ਨੂੰ ਵਿਰਸੇ ਨਾਲ ਜੋੜੇਗੀ

ਬੈਲਿੰਗਹੈਮ (ਰਣਜੀਤ ਸਿੰਘ ਬਾਹਗਾ) ਬੈਲਿੰਗਹੈਮ ਨਿਵਾਸੀ ਸਰਦਾਰ ਦਵਿੰਦਰ ਸਿੰਘ ਸਹੋਤਾ ਅਤੇ ਬੀਬੀ ਭੁਪਿੰਦਰ ਕੌਰ ਸਹੋਤਾ ਪ੍ਰੀਵਾਰ ਹਮੇਸ਼ਾ ਹੀ ਸਿੱਖ ਪੰਥ ਅਤੇ ਅਤੇ ਆਪਣੇ ਕਲਚਰ ਨੂੰ ਪ੍ਰਚਾਰਨ ਲਈ ਤਤਪੱਰ ਰਹਿੰਦੇ ਹਨ ਧਾਰਮਿਕ ਕੰਮਾ ਵਿੱਚ ਵੀ ਹਮੇਸ਼ਾ ਅੱਗੇ ਰਹਿੰਦੇ ਹਨ।।ਉਨਾ ਦੀ ਸਪੁੱਤਰੀ ਅਮਨਜੀਤ ਕੌਰ ਸਹੋਤਾ ਵੀ ਇਸੇ ਰਾਹ ਤੇ ਚਲਦੇ ਹੋਏ ਬਹੁਤ ਵਧੀਆ ਕਿਤਾਬ 'ਅਖਾਣ' ਲਿਖੀ ਹੈ ਜੋ ਕੈਨੇਡਾ ਅਮਰੀਕਾ ਦੇ ਪੰਜਾਬੀ ਪ੍ਰੀਵਾਰਾਂ ਲਈ ਅਮੁੱਲੀ ਦਾਤ ਹੈ।ਅਮਨਦੀਪ ਕੌਰ ਸਹੋਤਾ ਨੇ ਦੱਸਿਆ ਇਸ ਤੋਂ ਪਹਿਲਾਂ 'ਰੂ-ਬਾ-ਰੂ' ਸੀਰੀਜ਼ ਵੀ ਪੰਜਾਬੀ ਭਾਈਚਾਰੇ ਨੂੰ ਪੀੜ੍ਹੀਆਂ ਤੱਕ ਅੱਗੇ ਵਧਣ ਲਈ ਕੁਝ ਅਜਿਹਾ ਦੇਣ ਦੇ ਤਰੀਕੇ ਵਜੋਂ ਬਣਾਈ ਗਈ ਸੀ ।ਹੁਣ ਉਨਾ ਵੱਲੋਂ "ਅਖਾਣ" ਭਾਰਤੀ/ਪਾਕਿਸਤਾਨੀ ਸੱਭਿਆਚਾਰਕ ਕਹਾਵਤਾਂ 'ਤੇ ਇੱਕ ਕੌਫੀ ਟੇਬਲ ਕਿਤਾਬ ਹੈ। 'ਅਖਾਣ 'ਅੰਗਰੇਜ਼ੀ ਅਨੁਵਾਦਾਂ ਦੇ ਨਾਲ ਪੰਜਾਬੀ ਵਿੱਚ ਵੀ ਲਿਖੀ ਗਈ ਹੈ। ਇਹ ਕਿਤਾਬ ਪੰਜਾਬੀ ਕਹਾਵਤ, ਪੰਜਾਬੀ-ਅੰਗਰੇਜ਼ੀ ਦੀ ਹਾਈਬ੍ਰਿਡ ਭਾਸ਼ਾ, ਜਿਸਨੂੰ ਪੁੰਗਲਿਸ਼ ਵੀ ਕਿਹਾ ਜਾਂਦਾ ਹੈ, ਪੰਜਾਬੀ ਕਹਾਵਤ ਦਾ ਅੰਗਰੇਜ਼ੀ ਸ਼ਾਬਦਿਕ ਅਨੁਵਾਦ, ਅਤੇ ਪੰਜਾਬੀ ਕਹਾਵਤ ਦੁਆਰਾ ਪ੍ਰਾਪਤ ਸੁਨੇਹੇ ਨੂੰ ਸਮਝ ਵਿੱਚ ਲਿਆਂਉਂਦੀ ਹੈ।




'ਅਖਾਣ' ਇੱਕ ਅਜਿਹੀ ਕਿਤਾਬ ਹੈ ਜੋ ਤੁਹਾਡੀ ਮੇਜ਼ 'ਤੇ ਸਾਡੀ ਕਲਾ ਅਤੇ ਸੁਹਜ ਸ਼ਾਸਤਰ ਦੇ ਇੱਕ ਵਿਲੱਖਣ ਮਿਸ਼ਰਣ ਦਾ ਆਨੰਦ ਮਾਣਦੀ ਹੈ। ਕਿਤਾਬ ਦੇ ਅੰਦਰਲੇ ਹਿੱਸੇ ਵਿੱਚ ਕਲਾਤਮਕ ਪੰਜਾਬੀ ਫੌਂਟ ਦੇ ਨਾਲ ਟੈਕਸਟਚਰ ਪੇਪਰ ਹੈ। ਕਿਤਾਬ ਦੇ ਬਹੁਤ ਸਾਰੇ ਪੰਨਿਆਂ 'ਤੇ ਮਜ਼ੇਦਾਰ ਡੂਡਲ ਹਨ ਜੋ ਕਹਾਵਤ ਦੇ ਨਾਲ ਹਨ।

ਅਮਨ ਨੇ ਪੰਜਾਬ ਗਾਰਡੀਅਨ ਨਾਲ ਗੱਲਬਾਤ ਕਰਦੇ ਦੱਸਿਆ ਕਿ ਸਭ ਤੋਂ ਪਹਿਲਾਂ ਇਹਨਾਂ ਕਹਾਵਤਾਂ ਨੂੰ ਕਾਗਜ਼ ਦੀ ਇੱਕ ਸ਼ੀਟ 'ਤੇ ਲਿਖਣਾ ਸ਼ੁਰੂ ਕੀਤਾ ਸੀ। ਜਦੋਂ ਮੇਰੇ ਮਾਤਾ ਪਿਤਾ ਜਾਂ ਭਰਾ, ਭਰਜਾਈ ਜਾਂਹੋਰ ਪ੍ਰੀਵਾਰਕ ਮੈਂਬਰ ਉਨ੍ਹਾਂ ਨੂੰ ਇਸ ਤਰਾਂ ਕਹਾਵਤਾ ਰਾਹੀਂ ਕੁਝ ਕਹਿੰਦੇ ਸਨ ਤਾਂ ਮੈਂ ਇਹਨਾਂ ਲਾਈਨਾਂ ਦੀ ਮਜ਼ਾਕੀਆਤਾ ਦਾ ਧਿਆਨ ਰੱਖਣ ਲਈ, ਮੈਂ ਕਹਾਵਤਾਂ ਨੂੰ ਨੋਟਪੈਡਾਂ 'ਤੇ ਲਿਖਿਆ, ਰਸੀਦਾਂ 'ਤੇ ਲਿਖਿਆ, ਅਤੇ ਆਪਣੇ ਫ਼ੋਨ 'ਤੇ ਨੋਟਸ ਬਣਾਏ।। ਮੈਨੂੰ ਅਹਿਸਾਸ ਹੋਇਆ ਕਿ ਇਨ੍ਹਾਂ ਕਹਾਵਤਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਅਨੁਵਾਦਾਂ ਨਾਲ ਸੁਰੱਖਿਅਤ ਰੱਖਣ ਦੀ ਲੋੜ ਹੈ। ਸਾਡੀ ਪੰਜਾਬੀ ਭਾਸ਼ਾ ਮੁਰਝਾ ਰਹੀ ਹੈ ਕਿਉਂਕਿ ਅਸੀਂ ਭਾਰਤ ਤੋਂ ਬਾਹਰਲੇ ਦੇਸ਼ਾਂ (ਦੇਸ਼) ਨਾਲ ਵਧੇਰੇ ਜੁੜਦੇ ਜਾ ਰਹੇ ਹਾਂ। ਇਹ ਕਿਤਾਬ ਸਾਡੀਆਂ ਪੀੜ੍ਹੀਆਂ (ਸਾਡੇ ਦਾਦਾ-ਦਾਦੀ, ਬੱਚੇ ਅਤੇ ਪੋਤੇ-ਪੋਤੀਆਂ) ਵਿੱਚ ਇੱਕ ਵਧੀਆ ਗੱਲਬਾਤ ਸ਼ੁਰੂ ਕਰਨ ਵਾਲੀ ਹੋ ਸਕਦੀ ਹੈ। ਇਹ ਕਿਤਾਬ ਸਾਡੇ ਘਰਾਂ ਵਿੱਚ ਸਾਡੇ ਪੁਰਖਿਆਂ ਦੀ ਇੱਕ ਸਦੀਵੀ ਯਾਦ ਬਣ ਸਕਦੀ ਹੈ। ਮੈਂ ਇਸਨੂੰ ਬਹੁਤ ਸਾਰੇ ਘਰਾਂ ਨਾਲ ਸਾਂਝਾ ਕਰਨਾ ਚਾਹੁੰਦੀ ਹਾਂ ਜੋ ਪੰਜਾਬੀ ਭਾਸ਼ਾ ਦੀ ਸੰਭਾਲ ਲਈ ਇੱਕੋ ਜਿਹੀਆਂ ਕਦਰਾਂ-ਕੀਮਤਾਂ ਨੂੰ ਸਾਂਝਾ ਕਰਦੇ ਹਨ।

ਉਨਾ ਇਹ ਵੀ ਕਿਹਾ ਕਿ 'ਅਖਾਣ' ਦੀ ਕਮਾਈ ਨਾਲ, ਉਮੀਦ ਹੈ ਕਿ ਕਮਾਈ ਦਾ ਇੱਕ ਹਿੱਸਾ ਸਾਡੇ ਭਾਈਚਾਰੇ ਲਈ ਮਾਨਸਿਕ ਸਿਹਤ ਸਿੱਖਿਆ ਵੱਲ ਜਾਵੇਗਾ ਕਿਉਂਕਿ ਇਹ ਇੱਕ ਵਰਜਿਤ ਵਿਸ਼ਾ ਹੈ। ਖਾਸ ਤੌਰ 'ਤੇ, ਰੁਬਾਰੂ ਦਿਮਾਗੀ ਪ੍ਰਣਾਲੀ ਦੇ ਨਿਯਮ, ਮਨ-ਸਰੀਰ ਦੇ ਸੰਪਰਕ ਬਾਰੇ ਸਿੱਖਿਆ ਦੇਣ ਅਤੇ ਸਾਡੇ ਭਾਈਚਾਰੇ ਨੂੰ ਇਸਦੀ ਚੇਤਨਾ ਵਿੱਚ ਉੱਚਾ ਚੁੱਕਣ ਵਿੱਚ ਮਦਦ ਕਰਨਾ ਚਾਹੁੰਦੀ ਹੈ।

ਉਨਾ ਦੱਸਿਆ ਕਿ ਰੁਬਾਰੂ ਸੀਰੀਜ਼ 'ਤੇ ਕੰਮ ਕਰਨ ਤੋਂ ਇਲਾਵਾ, ਮੇਰੀ ਰੋਜ਼ਾਨਾ ਜ਼ਿੰਦਗੀ ਵਿੱਚ, ਮੈਂ ਐਕਿਊਪੰਕਚਰ ਅਤੇ ਏਕੀਕ੍ਰਿਤ ਦਵਾਈ ਵਿੱਚ ਇੱਕ ਡਾਕਟਰ ਹਾਂ। ਮੇਰੇ ਕਲੀਨਿਕ ਦਾ ਨਾਮ ਅਜੂਨੀ ਹੋਲਿਸਟਿਕ ਹੈ ਅਤੇ ਮੈਂ ਜਨਵਰੀ 2026 ਵਿੱਚ ਸੀਏਟਲ ਅਤੇ ਕਿਰਕਲੈਂਡ, ਵਾਸ਼ਿੰਗਟਨ ਵਿੱਚ ਸੇਵਾਵਾ ਸ਼ੁਰੂ ਕਰਾਂਗੀ।ਅਖੀਰ ਤੇ ਉਨਾ ਧੰਨਵਾਦ ਕਰਦਿਆਂ ਸਭ ਨੂੰ ਨਵਾਂ ਸਾਲ ਮੁਬਾਰਕ ਕਿਹਾ !-www.roobarooseries.com ,Instagram: ,roobarooseries ,Acupuncture Clinic: Ajooni Holistic ,https://www.ajooniholistic.com/ ਤੇ ਵਧੇਰੇ ਜਾਣਕਾਰੀ ਲਵੋ।


TUKWILA DENTAL CENTER

NEW PATIENTS & EMERGENCIES WELCOME
GENERAL DENTISTRY FOR ALL AGES

*A Caring Team for You & Your Family*
Most Crowns and Bridges are made same day with our CAD/CAM System

- General Dentistry
- Bridges
- Fillings
- Dentures
- Dental Implants
- Crowns
- Cosmetic Dentistry
- Sealants
- Treatment of Gum Disease
- Oral Surgery
- Root Canals



HARCHAND SINGH DDS PS, SARAA ABDULATEEF DDS MS, ABRAAM ABRAMOV LD, MUKTA SINGH DDS, TANVEER S BUTTAR DDS

| Hours : | | |
|---|---|---|
| | Monday | 9AM - 6PM |
| | Tuesday | 9AM - 6PM |
| | Wednesday | 9AM - 6PM |
| | Thursday | 9AM - 6PM |
| | Friday | 8AM - 4PM |

*(Fellow & Master Academy of General Dentistry)*

DENTAL LAB ON PREMISES

13955 Interurban Ave So, Tukwila, WA 98168
www.tukwiladentalcenter.com Email: tukwiladentalcenter@comcast.net
Ph: 206-431-0953, 206-241-0454, Fax: 206-439-6860



Complete Dental Care

New & Emergency Patients Welcome

-Family & Cosmetic Dentistry
-Root Canals, Wisdom Teeth Removal, Metal-free Restorations
-Bleeching, Veneer, Bonding
-Preventive & Pediatric Dentistry




ਹਰ ਤਰਾਂ ਦੇ ਦੰਦਾਂ ਦਾ ਇਲਾਜ਼ ਕਰਵਾਉਣ ਲਈ ਸੰਪਰਕ ਕਰੋ

Dr. Manpreet Dhaliwal
Dr. Navdeep Dhaliwal
Dr. Donald Hainer

Complete DENTAL CARE

Ph: 253-854-2714
SUITE #1, 10725 SE 256TH ST, KENT, WA


Prices Effective From 11th Dec 2025
PUNJAB GROCERY BAZAAR
OLD KK MARKET
DECEMBER SALE
RED ONION
25 LB | $9.99
YELLOW ONION
50 LB | $10.99
BAAZ
DURUM WHEAT ATTA
FIRST TIME IN USA — PREMIUM CANADIAN ATTA BRAND IS NOW AVAILABLE!
PRICE
$13.99 LBS
+1 253-854-5236
23805, 104TH AVE SE, KENT, WA 98031, UNITED STATES

# ਅਮਰੀਕਾ ਦਾ H-1B ਅਤੇ H-4 ਵੀਜ਼ਾ ਲੈਣ ਲਈ ਲੱਗੇਗਾ ਸਮਾਂ

ਭਾਰਤ ਵਿੱਚ ਅਮਰੀਕੀ ਦੂਤਾਵਾਸ ਨੇ ਅੱਜ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਵੱਲੋਂ 15 ਦਸੰਬਰ ਤੋਂ H-1B ਅਤੇ H-4 ਵੀਜ਼ਿਆਂ ਲਈ ਅਪਲਾਈ ਕਰਨ ਵਾਲਿਆਂ ਦੇ ਸੋਸ਼ਲ ਮੀਡੀਆ ਖਾਤਿਆਂ ਤੇ ਆਨਲਾਈਨ ਗਤੀਵਿਧੀਆਂ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਕਰ ਕੇ H-1B ਅਤੇ H-4 ਬਿਨੈਕਾਰਾਂ ਨੂੰ ਵੀਜ਼ਾ ਲੈਣ ਲਈ ਸਮਾਂ ਲੱਗ ਰਿਹਾ ਹੈ। ਅਮਰੀਕਾ ਨੇ ਇਨ੍ਹਾਂ ਵਰਗਾਂ ਵਿਚ ਅਪਲਾਈ ਕਰਨ ਵਾਲਿਆਂ ਨੂੰ ਜਲਦੀ ਅਪਲਾਈ ਕਰਨ ਲਈ ਕਿਹਾ ਹੈ ਕਿਉਂਕਿ ਨਿਯਮ ਸਖਤ ਹੋਣ ਕਾਰਨ ਪ੍ਰਕਿਰਿਆ ਲੰਬੀ ਹੋ ਗਈ ਹੈ।

ਅਮਰੀਕੀ ਦੂਤਾਵਾਸ ਨੇ ਇਸ ਸਬੰਧੀ ਪੋਸਟ ਸੋਸ਼ਲ ਮੀਡੀਆ ‘ਤੇ ਨਸ਼ਰ ਕੀਤੀ ਹੈ। ਇਸ ਤੋਂ ਪਹਿਲਾਂ ਅਮਰੀਕਾ ਨੇ ਭਾਰਤ ਵਿੱਚ ਇਸ ਮਹੀਨੇ ਦੇ ਅੰਤ ਵਿੱਚ ਹੋਣ ਵਾਲੇ ਹਜ਼ਾਰਾਂ H-1B ਵੀਜ਼ਾ ਬਿਨੈਕਾਰਾਂ ਦੀਆਂ ਪਹਿਲਾਂ ਤੋਂ ਨਿਰਧਾਰਤ ਇੰਟਰਵਿਊਆਂ ਨੂੰ ਕਈ ਮਹੀਨਿਆਂ ਲਈ ਅਚਾਨਕ ਮੁਲਤਵੀ ਕਰ ਦਿੱਤਾ ਸੀ। ਅਮਰੀਕੀ ਦੂਤਾਵਾਸ ਨੇ ਕਿਹਾ ਕਿ ਪਹਿਲਾਂ ਸਿਰਫ ਚੋਣਵੇਂ ਦੇਸ਼ਾਂ ਤੋਂ ਆਉਣ ਵਾਲਿਆਂ ਦੇ ਸੋਸ਼ਲ ਮੀਡੀਆ ਖਾਤੇ ਜਾਂਚੇ ਜਾਂਦੇ ਸਨ ਪਰ ਹੁਣ ਵਿਸ਼ਵ ਭਰ ਵਿਚੋਂ ਅਮਰੀਕੀ ਵੀਜ਼ੇ ਲਈ ਅਪਲਾਈ ਕਰਨ ਵਾਲਿਆਂ ਦੇ ਖਾਤਿਆਂ ਦੀ ਜਾਂਚ ਕੀਤੀ ਜਾ ਰਹੀ ਹੈ।


ਹੁਣ ਕੈਂਟ ਵਿੱਚ ਵਿਜੈ ਜਿਊਲਰਜ਼ ਨੇ ਆਪਣੀ ਨਵੀਂ ਦੁਕਾਨ ਖੋਲ੍ਹ ਦਿੱਤੀ ਹੈ

Vijay JEWELLERS INC.

Specializing in 22K Gold




ਸੋਨੇ ਦੀਆਂ ਬਾਰਾਂ ਸਪੈਸ਼ਲ ਕੀਮਤਾਂ ਤੇ ਮਿਲਦੀਆਂ ਹਨ



ਅਨੇਕਾਂ ਪ੍ਰਕਾਰ ਦੇ ਗਹਿਣੇ
ਲੇਟੈਸਟ ਡਿਜ਼ਾਈਨਾਂ ਵਿਚ ਲਵੋ

ਹਰੇਕ ਤਰ੍ਹਾਂ ਦੇ ਨਗ ਸਰਟੀਫਾਈਡ ਮਿਲਦੇ ਹਨ

ਅਸੀਂ ਹਰ ਤਰਾਂ ਦੇ ਗਹਿਣੇ ਰਿਪੇਅਰ ਵੀ ਕਰਦੇ ਹਾਂ

Naman Dhawan
856-325-9919, 253-277-3854

Vijay Dhawan
253-656-2666

25416 104th Ave SE, Kent, WA 98030, USA

www.vijayjewellersseattle.com vijayjewellersinc@gmail.com

# ਕੈਲੀਫੋਰਨੀਆ ‘ਚ ਜਬਰ-ਜਨਾਹ ਦੇ ਮਾਮਲੇ ਵਿਚ ਪੰਜਾਬੀ ਗ੍ਰਿਫਤਾਰ



ਸੈਕਰਾਮੈਂਟ- ਬੇਕਰਸਫੀਲਡ ਵਾਸੀ ਸਿਮਰਨਜੀਤ ਸਿੰਘ ਸੇਖੋਂ ਨੂੰ ਇਕ ਰਾਈਡਸ਼ੇਅਰ ਯਾਤਰੀ ਨਾਲ ਜਬਰ-ਜਨਾਹ ਕਰਨ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਮਾਮਲੇ ਦੀ ਵੈਂਟੂਰਾ ਕਾਊਂਟੀ ਸ਼ੈਰਿਫ ਦਫਤਰ ਜਾਂਚ ਕਰ ਰਿਹਾ ਹੈ। ਦਫਤਰ ਅਨੁਸਾਰ ਰਾਈਡਸ਼ੇਅਰ ਕੰਪਨੀ ਦੇ 35 ਸਾਲਾ ਡਰਾਈਵਰ ਸ਼ੇਖੋਂ ਨੇ ਪੀੜਤ 21 ਸਾਲਾ ਔਰਤ ਨੂੰ ਥਾਉਜ਼ੈਂਡ ਓਕਸ ਵਿਚੋਂ ਚੁੱਕਿਆ ਸੀ ਤੇ ਉਸ ਨੇ ਕੈਮਾਰੀਲੋ ਜਾਣਾ ਸੀ। ਜਾਂਚਕਾਰਾਂ ਅਨੁਸਾਰ ਪੀੜਤ ਲੜਕੀ ਨਸ਼ੇ ਵਿਚ ਸੀ ਤੇ ਆਪਣੀ ਦੇਖਭਾਲ ਕਰਨ ਦੀ ਹਾਲਤ ਵਿਚ ਨਹੀਂ ਸੀ। ਸੇਖੋਂ ਉਸ ਨੂੰ ਬੇਹੋਸ਼ੀ ਦੀ ਹਾਲਤ ਵਿਚ ਕੈਮਾਰੀਲੋ ਦੇ ਆਸਪਾਸ ਦੇ ਖੇਤਰ ਵਿਚ ਲੈ ਗਿਆ ਤੇ ਉਸ ਨਾਲ ਜਬਰ-ਜਨਾਹ ਕੀਤਾ। ਸ਼ੇਖੋਂ ਵਿਰੁੱਧ ਇਕ ਬੇਸੁੱਧ ਔਰਤ ਨਾਲ ਜਬਰ-ਜਨਾਹ ਕਰਨ ਦੇ ਦੋਸ਼ ਲਾਏ ਗਏ ਹਨ। ਉਸ ਦੀ ਜ਼ਮਾਨਤ ਉਪਰ ਰਿਹਾਈ ਲਈ 5 ਲੱਖ ਡਾਲਰ ਦੀ ਰਕਮ ਤੈਅ ਕੀਤੀ ਗਈ ਹੈ। ਅਧਿਕਾਰੀਆਂ ਦਾ ਵਿਸ਼ਵਾਸ ਹੈ ਕਿ ਜਿਸ ਤਰ੍ਹਾਂ ਦੇ ਹਾਲਾਤ ਨਜ਼ਰ ਆ ਰਹੇ ਹਨ, ਉਸ ਤੋਂ ਲੱਗਦਾ ਹੈ ਕਿ ਹੋਰ ਔਰਤਾਂ ਵੀ ਸ਼ੇਖੋਂ ਦਾ ਸ਼ਿਕਾਰ ਬਣੀਆਂ ਹਨ, ਜੋ ਅਜੇ ਸਾਹਮਣੇ ਨਹੀਂ ਆਈਆਂ।

# ਅਮਰੀਕਾ ਛੱਡਣ ਵਾਲਿਆਂ ਨੂੰ ਹੁਣ ਮਿਲਣਗੇ 3000 ਡਾਲਰ

ਵਾਸ਼ਿੰਗਟਨ : ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰ-ਕਰ ਹੰਭੀ ਟਰੰਪ ਸਰਕਾਰ ਨੇ ਬੋਲੀ ਵਧਾ ਦਿਤੀ ਹੈ ਅਤੇ ਹੁਣ ਸੈਲਫ਼ ਡਿਪੋਰਟ ਹੋਣ ਵਾਲਿਆਂ ਨੂੰ 3 ਹਜ਼ਾਰ ਡਾਲਰ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ ਨੇ ਕਿਹਾ ਹੈ ਕਿ 31 ਦਸੰਬਰ ਤੱਕ ਮੁਲਕ ਛੱਡਣ ਵਾਲਿਆਂ ਨੂੰ ਆਪਣੀ ਮੰਜ਼ਿਲ ਤੱਕ ਪੁੱਜਣ ਲਈ ਹਵਾਈ ਕਿਰਾਇਆ ਵੀ ਦਿਤਾ ਜਾ ਰਿਹਾ ਹੈ ਅਤੇ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਮੌਜੂਦਗੀ ਦੇ ਦੋਸ਼ ਹੇਠ ਲੱਗਣ ਵਾਲੇ ਸਾਰੇ ਜੁਰਮਾਨੇ ਮੁਆਫ਼ ਕਰ ਦਿਤੇ ਜਾਣਗੇ। ਇਸ ਤੋਂ ਪਹਿਲਾਂ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਸੈਲਫ਼ ਡਿਪੋਰਟੇਸ਼ਨ ਵਾਸਤੇ ਇਕ ਹਜ਼ਾਰ ਡਾਲਰ ਅਤੇ ਹਵਾਈ ਕਿਰਾਏ ਦੀ ਸਹੂਲਤ ਦਿਤੀ ਜਾ ਰਹੀ ਸੀ। ਟਰੰਪ ਸਰਕਾਰ ਗ੍ਰਹਿ ਸੁਰੱਖਿਆ ਮੰਤਰੀ ਕ੍ਰਿਸਟੀ ਨੌਇਮ ਨੇ ਚਿਤਾਵਨੀ ਭਰੇ ਲਹਿਜ਼ੇ ਵਿਚ ਕਿਹਾ ਕਿ ਜਿਹੜੇ ਗੈਰਕਾਨੂੰਨੀ ਪ੍ਰਵਾਸੀ 3 ਹਜ਼ਾਰ ਡਾਲਰ ਦਾ ਲਾਭ ਨਹੀਂ ਉਠਾਉਂਦੇ, ਉਨ੍ਹਾਂ ਨੂੰ ਕਾਬੂ ਕਰ ਕੇ ਡਿਟੈਨਸ਼ਨ ਸੈਂਟਰ ਵਿਚ ਸੁੱਟਿਆ ਜਾਵੇਗਾ ਅਤੇ ਫ਼ਿਰ ਹੋਰਨਾਂ ਪ੍ਰਵਾਸੀਆਂ ਨਾਲ ਡਿਪੋਰਟ ਕੀਤੇ ਜਾਣਗੇ।

### ਅਮਰੀਕਾ ਵਿੱਚ ਸ਼ਰਨ ਮੰਗਣ ਵਾਲਿਆਂ ਨੂੰ ਹੋਰ ਦੇਸ਼ਾਂ ਵਿਚ ਭੇਜਣ ਦੀ ਤਿਆਰੀ

# ਹਜ਼ਾਰਾਂ ਪ੍ਰਵਾਸੀਆਂ ਨੂੰ ਗੁਆਟੇਮਾਲਾ, ਹੋਂਡੂਰਸ, ਇਕਵਾਡੋਰ ਅਤੇ ਯੂਗਾਂਡਾ ਦੇਸ਼ਾਂ ਵਿਚ ਭੇਜਿਆ ਜਾਵੇਗਾ

ਵਾਸ਼ਿੰਗਟਨ:-ਟਰੰਪ ਪ੍ਰਸ਼ਾਸਨ ਨੇ ਇਮੀਗ੍ਰੇਸ਼ਨ ਅਦਾਲਤਾਂ ਵਿੱਚ ਹਜ਼ਾਰਾਂ ਪਰਵਾਸੀਆਂ ਦੇ ਸ਼ਰਨ ਦਾਅਵਿਆਂ ਦੇ ਕੇਸਾਂ ਨੂੰ ਰੱਦ ਕਰਨ ਲਈ ਦੇਸ਼ ਵਿਆਪੀ ਮੁਹਿੰਮ ਚਲਾਈ ਹੈ। ਟਰੰਪ ਪ੍ਰਸ਼ਾਸਨ ਦਲੀਲ ਦੇ ਰਿਹਾ ਹੈ ਕਿ ਸ਼ਰਨ ਮੰਗਣ ਵਾਲਿਆਂ ਨੂੰ ਉਨ੍ਹਾਂ ਦੇਸ਼ਾਂ ਵਿੱਚ ਡਿਪੋਰਟ ਕੀਤਾ ਜਾ ਸਕਦਾ ਹੈ ਜੋ ਉਨ੍ਹਾਂ ਦੇ ਆਪਣੇ ਨਹੀਂ ਹਨ ਭਾਵ ਉਨ੍ਹਾਂ ਨੂੰ ਕਿਸੇ ਤੀਜੇ ਦੇਸ਼ ਵਿਚ ਭੇਜਿਆ ਜਾ ਸਕਦਾ ਹੈ। ਕਈ ਇਮੀਗ੍ਰੇਸ਼ਨ ਵਕੀਲਾਂ ਅਤੇ ਪ੍ਰਮਾਣਿਤ ਕਾਨੂੰਨੀ ਪ੍ਰਤੀਨਿਧੀਆਂ ਨੇ ਇਕ ਨਿਊਜ਼ ਏਜੰਸੀ ਨੂੰ ਦੱਸਿਆ ਕਿ ਹਾਲ ਹੀ ਦੇ ਹਫ਼ਤਿਆਂ ਵਿੱਚ ਇਹ ਕੋਸ਼ਿਸ਼ ਤੇਜ਼ ਹੁੰਦੀ ਜਾ ਰਹੀ ਹੈ। ਦੱਸਣਾ ਬਣਦਾ ਹੈ ਕਿ ਅਟਲਾਂਟਾ, ਨਿਊਯਾਰਕ, ਮਿਆਮੀ, ਲਾਸ ਏਂਜਲਸ, ਸਾਂ ਫਰਾਂਸਿਸਕੋ, ਟੈਕਸਾਸ ਅਤੇ ਅਮਰੀਕਾ ਭਰ ਵਿੱਚ ਹੋਰ ਥਾਵਾਂ ’ਤੇ ਸ਼ਰਨ ਮੰਗਣ ਵਾਲਿਆਂ ਨੇ ਇਮੀਗ੍ਰੇਸ਼ਨ ਅਦਾਲਤਾਂ ਦਾ ਰੁਖ਼ ਕੀਤਾ ਸੀ ਤੇ ਇਨ੍ਹਾਂ ਲੰਬਿਤ ਕੇਸਾਂ ਦੀ ਗਿਣਤੀ ਵਧਦੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਇਮੀਗ੍ਰੇਸ਼ਨ ਅਦਾਲਤਾਂ ਨਿਆਂਇਕ ਸ਼ਾਖਾ ਦਾ ਹਿੱਸਾ ਨਹੀਂ ਹਨ ਪਰ ਉਹ ਨਿਆਂ ਵਿਭਾਗ ਵਲੋਂ ਚਲਾਈਆਂ ਜਾਂਦੀਆਂ ਪ੍ਰਸ਼ਾਸਕੀ ਸੰਸਥਾਵਾਂ ਹਨ ਜੋ ਦੇਸ਼ ਵਿਚੋਂ ਕੱਢਣ ਵਾਲੇ ਲੋਕਾਂ ਦੇ ਮਾਮਲਿਆਂ ਦੀ ਨਿਗਰਾਨੀ ਕਰਦੀਆਂ ਹਨ।

# ਅਮਰੀਕਾ ਨੇ ਭਾਰਤੀਆਂ ਲਈ ਵੀਜ਼ਾ ਨਿਯਮਾਂ ਨੂੰ ਕੀਤਾ ਸਖ਼ਤ

ਵਾਸ਼ਿੰਗਟਨ- ਅਮਰੀਕਾ ਨੇ ਗੈਰ-ਪ੍ਰਵਾਸੀ ਵੀਜ਼ਾ ਧਾਰਕਾਂ ਲਈ ਜਾਂਚ ਪ੍ਰਕਿਰਿਆ ਸਖ਼ਤ ਕਰ ਦਿੱਤੀ ਹੈ, ਜਿਸ ਨਾਲ ਐਚ-1ਬੀ, ਐੱਫ-1 ਅਤੇ ਜੇ-1 ਵੀਜ਼ਾ ‘ਤੇ ਯਾਤਰਾ ਕਰਨ ਵਾਲਿਆਂ ਲਈ ਮੁਸ਼ਕਲਾਂ ਵਧ ਗਈਆਂ ਹਨ। ਵੀਜ਼ਾ ਇੰਟਰਵਿਊ ਹੁਣ ਦੇਰੀ ਨਾਲ ਹੋ ਰਹੇ ਹਨ ਅਤੇ ਕਈ ਪਹਿਲਾਂ ਤੋਂ ਨਿਰਧਾਰਤ ਮੁਲਾਕਾਤਾਂ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ ਕਿਉਂਕਿ ਦੂਤਾਵਾਸ ਵਧੇਰੇ ਡੂੰਘਾਈ ਨਾਲ ਜਾਂਚ ਕਰ ਰਹੇ ਹਨ। ਇੱਕ ਇਮੀਗ੍ਰੇਸ਼ਨ ਪ੍ਰੋਫੈਸ਼ਨਲ ਨੇ ਸਲਾਹ ਦਿੱਤੀ ਹੈ ਕਿ ਜਦੋਂ ਤੱਕ ਬਿਲਕੁਲ ਜ਼ਰੂਰੀ ਨਾ ਹੋਵੇ, ਅਮਰੀਕਾ ਤੋਂ ਬਾਹਰ ਯਾਤਰਾ ਨਾ ਕਰੋ। ਉਹ ਕਹਿੰਦੇ ਹਨ ਕਿ ਹੁਣ, ਵੈਧ ਵੀਜ਼ਾ ਹੋਣ ਦੇ ਬਾਵਜੂਦ, ਵਿਦੇਸ਼ ਯਾਤਰਾ ਕਰਨ ਨਾਲ ਅਮਰੀਕਾ ਵਾਪਸ ਜਾਣ ਵਿਚ ਸਮੱਸਿਆਵਾਂ ਆ ਸਕਦੀਆਂ ਹਨ, ਜਿਸ ਨਾਲ ਨੌਕਰੀ ਅਤੇ ਸਥਿਤੀ ਪ੍ਰਭਾਵਿਤ ਹੋ ਸਕਦੀ ਹੈ। ਨਵੇਂ ਨਿਯਮਾਂ ਦੇ ਤਹਿਤ, ਹੁਣ ਕੈਨੇਡਾ ਜਾਂ ਮੈਕਸੀਕੋ ਵਰਗੇ ਤੀਜੇ ਦੇਸ਼ ਵਿਚ ਜਾ ਕੇ ਅਮਰੀਕੀ ਵੀਜ਼ਾ ਸਟੈਂਪ ਪ੍ਰਾਪਤ ਕਰਨਾ ਲਗਭਗ ਅਸੰਭਵ ਹੋ ਗਿਆ ਹੈ। ਹੁਣ ਵੀਜ਼ਾ ਸਟੈਂਪ ਸਿਰਫ਼ ਤੁਹਾਡੇ ਨਿਵਾਸ ਜਾਂ ਨਾਗਰਿਕਤਾ ਵਾਲੇ ਦੇਸ਼ ਤੋਂ ਹੀ ਪ੍ਰਾਪਤ ਕੀਤੇ ਜਾਣੇ ਚਾਹੀਦੇ ਹਨ, ਜਿਸ ਨਾਲ ਬਹੁਤ ਸਾਰੇ ਲੋਕਾਂ ਲਈ ਵਿਕਲਪ ਸੀਮਤ ਹੋ ਗਏ ਹਨ। ਸੋਸ਼ਲ ਮੀਡੀਆ ਦੀ ਜਾਂਚ ਵੀ ਸਖ਼ਤ ਕਰ ਦਿੱਤੀ ਗਈ ਹੈ। ਸਰਕਾਰ ਨੂੰ ਵੀਜ਼ਾ ਬਿਨੈਕਾਰਾਂ ਦੇ ਸੋਸ਼ਲ ਮੀਡੀਆ ਖਾਤਿਆਂ ਨੂੰ ਦੇਖਣ ਦਾ ਅਧਿਕਾਰ ਹੋਵੇਗਾ ਅਤੇ ਕੁਝ ਮਾਮਲਿਆਂ ਵਿਚ, ਉਨ੍ਹਾਂ ਨੂੰ ਜਨਤਕ ਕਰਨ ਦੀ ਮੰਗ ਵੀ ਕਰ ਸਕਦੀ ਹੈ। ਹਵਾਈ ਅੱਡੇ ‘ਤੇ ਦਾਖਲ ਹੋਣ ਵੇਲੇ, ਅਧਿਕਾਰੀ ਫ਼ੋਨ ਅਤੇ ਸੋਸ਼ਲ ਮੀਡੀਆ ਦੀ ਜਾਂਚ ਕਰ ਸਕਦੇ ਹਨ, ਜਿਸ ਕਾਰਨ ਦੇਰੀ ਹੋ ਸਕਦੀ ਹੈ।

# ਟਰੰਪ ਵੱਲੋਂ ‘ਗ੍ਰੀਨ ਕਾਰਡ ਲਾਟਰੀ’ ਸਿਸਟਮ ਤੁਰੰਤ ਪ੍ਰਭਾਵ ਨਾਲ ਮੁਅੱਤਲ

ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ‘ਗ੍ਰੀਨ ਕਾਰਡ ਲਾਟਰੀ’ (ਡਾਇਵਰਸਿਟੀ ਵੀਜ਼ਾ) ਪ੍ਰੋਗਰਾਮ ਨੂੰ ਵੀਰਵਾਰ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਹੈ। ਇਹ ਵੱਡਾ ਫੈਸਲਾ ਉਸ ਖੁਲਾਸੇ ਤੋਂ ਬਾਅਦ ਲਿਆ ਗਿਆ ਹੈ ਕਿ ਬ੍ਰਾਊਨ ਯੂਨੀਵਰਸਿਟੀ ਅਤੇ ਐੱਮ.ਆਈ.ਟੀ. ਵਿਚ ਹੋਈ ਗੋਲੀਬਾਰੀ ਦੀ ਘਟਨਾ ਦਾ ਮੁੱਖ ਸ਼ੱਕੀ ਇਸੇ ਲਾਟਰੀ ਪ੍ਰੋਗਰਾਮ ਰਾਹੀਂ ਅਮਰੀਕਾ ‘ਚ ਦਾਖਲ ਹੋਇਆ ਸੀ। ਗੋਲੀਬਾਰੀ ਦੇ ਸ਼ੱਕੀ ਨੇ ਕੀਤੀ ਖੁਦਕੁਸ਼ੀ ਹੋਮਲੈਂਡ ਸਕਿਓਰਿਟੀ ਵਿਭਾਗ ਦੀ ਸਕੱਤਰ ਕ੍ਰਿਸਟੀ ਨੋਏਮ ਨੇ ਸੋਸ਼ਲ ਮੀਡੀਆ ਰਾਹੀਂ ਜਾਣਕਾਰੀ ਦਿੱਤੀ ਕਿ ਟਰੰਪ ਦੇ ਨਿਰਦੇਸ਼ਾਂ ‘ਤੇ ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ ਨੂੰ ਇਸ ਪ੍ਰੋਗਰਾਮ ਨੂੰ ਰੋਕਣ ਦੇ ਹੁਕਮ ਦਿੱਤੇ ਗਏ ਹਨ। ਗੋਲੀਬਾਰੀ ਦਾ ਮੁੱਖ ਸ਼ੱਕੀ ਕਲਾਉਡੀਓ ਨੇਵੇਸ ਵੈਲੇਂਤੇ (48), ਜੋ ਕਿ ਪੁਰਤਗਾਲ ਦਾ ਨਾਗਰਿਕ ਸੀ, ਨੇ ਵੀਰਵਾਰ ਸ਼ਾਮ ਨੂੰ ਖੁਦ ਨੂੰ ਗੋਲੀ ਮਾਰ ਕੇ ਆਤਮ-ਹੱਤਿਆ ਕਰ ਲਈ। ਨੋਏਮ ਨੇ ਸਖ਼ਤ ਸ਼ਬਦਾਂ ਵਿਚ ਕਿਹਾ ਕਿ ਇਸ ‘ਘਿਣਾਉਣੇ ਵਿਅਕਤੀ’ ਨੂੰ ਦੇਸ਼ ਵਿਚ ਕਦੇ ਵੀ ਪ੍ਰਵੇਸ਼ ਨਹੀਂ ਮਿਲਣਾ ਚਾਹੀਦਾ ਸੀ। ਵੈਲੇਂਤੇ ‘ਤੇ ਬ੍ਰਾਊਨ ਯੂਨੀਵਰਸਿਟੀ ‘ਚ ਦੋ ਵਿਦਿਆਰਥੀਆਂ ਦੀ ਹੱਤਿਆ ਅਤੇ ਨੌਂ ਲੋਕਾਂ ਨੂੰ ਜ਼ਖਮੀ ਕਰਨ ਸਮੇਤ ਇੱਕ ਪ੍ਰੋਫੈਸਰ ਦੀ ਹੱਤਿਆ ਦਾ ਵੀ ਦੋਸ਼ ਸੀ।

# ਅਮਰੀਕਾ ’ਚ 10 ਮਿਲੀਅਨ ਲੋਕਾਂ ਨੂੰ ਚਿਤਾਵਨੀ

ਲੌਸ ਐਂਜਲਸ: ਅਮਰੀਕਾ ਵਿਚ 10 ਮਿਲੀਅਨ ਲੋਕਾਂ ਉਤੇ ਖ਼ਤਰਾ ਮੰਡਰਾਅ ਰਿਹਾ ਹੈ। ਜੀ ਹਾਂ, ਹਵਾ ਵਿਚ ਅਜਿਹੇ ਜ਼ਹਿਰੀਲੇ ਕਣ ਫੈਲਣ ਦੀ ਚਿਤਾਵਨੀ ਦਿਤੀ ਗਈ ਹੈ ਜਿਨ੍ਹਾਂ ਦੇ ਸਾਹ ਰਾਹੀਂ ਸਰੀਰ ਅੰਦਰ ਜਾਣ ’ਤੇ ਦਿਲ ਦਾ ਦੌਰਾ ਪੈ ਸਕਦਾ ਹੈ। ਦੱਖਣੀ ਕੈਲੇਫ਼ੋਰਨੀਆ ਦੇ ਲੌਸ ਐਂਜਲਸ, ਸੈਂਟਾ ਮੋਨਿਕਾ, ਹਟਿੰਗਟਨ ਬੀਚ, ਟੌਰੈਂਸ, ਲੌਂਗ ਬੀਚ, ਪੈਸਾਡੀਨਾ, ਅਰਵਿਨ, ਰਿਵਰਸਾਈਡ ਅਤੇ ਸੈਨ ਬਰਨਾਰਡੀਨੋ ਵਰਗੇ ਸ਼ਹਿਰਾਂ ਵਿਚ ਹਵਾ ਦਾ ਮਿਆਰ ਬੇਹੱਦ ਖ਼ਰਾਬ ਹੋਣ ਕਰ ਕੇ ਇਥੋਂ ਦੇ ਬਾਸ਼ਿੰਦਿਆਂ ਨੂੰ ਘਰਾਂ ਦੇ ਅੰਦਰ ਹੀ ਰਹਿਣ ਦੀ ਹਦਾਇਤ ਦਿਤੀ ਗਈ ਹੈ। ਸਾਊਥ ਕੋਸਟ ਏਅਰ ਕੁਆਲਿਟੀ ਮੈਨੇਜਮੈਂਟ ਡਿਸਟ੍ਰਿਕਟ ਨੇ ਕਿਹਾ ਕਿ ਤਿੰਨ ਕਿਸਮ ਦੇ ਜ਼ਹਿਰੀਲੇ ਮਾਦੇ ਹਵਾ ਵਿਚ ਘੁਲੇ ਹੋਏ ਹਨ ਅਤੇ ਲੋਕਾਂ ਨੂੰ ਸਾਹ ਲੈਣ ਵਿਚ ਦਿੱਕਤ ਸਣੇ ਕਈ ਕਿਸਮ ਦੀਆਂ ਸਿਹਤ ਸਮੱਸਿਆਵਾਂ ਦਾ ਟਾਕਰਾ ਕਰਨਾ ਪੈ ਸਕਦਾ ਹੈ।


ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

Special Catering Service for 100-125 persons

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

# ਭਾਰਤ ਵਿੱਚ ਈਸਾਈਆਂ 'ਤੇ ਹਮਲੇ ਵਧੇ
# ਨੇਤਰਹੀਨ ਮਹਿਲਾ ਨੂੰ ਹਿੰਦੂਤਵੀਆਂ ਨੇ ਬੇ-ਰਹਿਮੀ ਨਾਲ ਕੁੱਟਿਆ

ਜਬਲਪੁਰ:_ਬੀਤੇ ਦਿਨੀਂ ਭਾਜਪਾ ਸ਼ਾਸਤ ਮੱਧ ਪ੍ਰਦੇਸ਼ ਦੇ ਵੱਡੇ ਸ਼ਹਿਰ ਜਬਲਪੁਰ ਦੇ ਚਰਚ 'ਚ ਕ੍ਰਿਸਮਿਸ ਦੇ ਜਸ਼ਨ ਦੇ ਸਿਲਸਿਲੇ 'ਚ ਨੇਤਰਹੀਣ ਬੱਚਿਆਂ ਨੂੰ ਦਾਅਵਤ ਵੇਲੇ ਇੱਕ ਭਾਜਪਾ ਆਗੂ ਅੰਜੂ ਭਾਰਗਵ ਨੇ ਇੱਕ ਨੇਤਰਹੀਣ ਮਹਿਲਾ ਨੂੰ ਇਸ ਕਰਕੇ ਕੁੱਟ ਦਿੱਤਾ ਕਿ ਉਹ ਬੱਚਿਆਂ ਦਾ ਧਰਮ ਪਰਿਵਰਤਨ ਕਰਵਾ ਰਹੀ ਹੈ। ਪੁਲਸ ਵਾਲੇ ਚੁੱਪਚਾਪ ਦੇਖਦੇ ਰਹੇ ਤੇ ਨੇਤਰੀ ਹਮਲਾ ਕਰਕੇ ਆਰਾਮ ਨਾਲ ਨਿਕਲ ਗਈ।ਦਾਅਵਤ ਵਿੱਚ ਸ਼ਾਮਲ ਬੱਚਿਆਂ ਨੇ ਦੱਸਿਆ ਕਿ ਧਰਮ ਪਰਿਵਰਤਨ ਲਈ ਕੁਝ ਨਹੀਂ ਕਿਹਾ ਗਿਆ, ਉਨ੍ਹਾਂ ਨੂੰ ਸਿਰਫ ਭੋਜ ਦਿੱਤਾ ਗਿਆ ਸੀ। ਜਬਲਪੁਰ ਵਿੱਚ ਹੀ ਇੱਕ ਹੋਰ ਘਟਨਾ 'ਚ ਕੁਝ ਗੁੰਡੇ ਜੈ ਸ੍ਰੀਰਾਮ ਦੇ ਨਾਅਰੇ ਲਾਉਂਦੇ ਚਰਚ ਵਿੱਚ ਵੜ ਗਏ। ਉਹ ਵੀ ਦੋਸ਼ ਲਾ ਰਹੇ ਸਨ ਕਿ ਉੱਥੇ ਧਰਮ ਪਰਿਵਰਤਨ ਕਰਵਾਇਆ ਜਾ ਰਿਹਾ ਹੈ। ਦਿੱਲੀ ਦੇ ਲਾਜਪਤ ਨਗਰ ਵਿੱਚ ਸੜਕ 'ਤੇ ਸਾਂਤਾ ਦੀ ਟੋਪੀ ਪਾਏ ਬੱਚਿਆਂ ਤੇ ਮਹਿਲਾਵਾਂ ਨਾਲ ਬਜਰੰਗ ਦਲ ਦੇ ਗੁੰਡਿਆਂ ਨੇ ਇਹ ਕਹਿ ਕੇ ਬਦਤਮੀਜ਼ੀ ਕੀਤੀ ਕਿ ਉਹ ਧਰਮ ਪਰਿਵਰਤਨ ਕਰਾਉਣ ਲਈ ਸੜਕ 'ਤੇ ਚੱਕਰ ਲਾ ਰਹੇ ਹਨ। ਹਰਿਦੁਆਰ ਵਿੱਚ ਹਿੰਦੂ ਸੰਗਠਨਾਂ ਨੇ ਹੁਕਮ ਜਾਰੀ ਕੀਤਾ ਕਿ ਹੋਟਲ ਤੇ ਦੁਕਾਨਾਂ ਵਾਲੇ ਕ੍ਰਿਸਮਿਸ 'ਤੇ ਜਸ਼ਨ ਮਨਾਉਣ ਵਾਲੇ ਪ੍ਰੋਗਰਾਮ ਨਹੀਂ ਕਰ ਸਕਦੇ। ਇਕ ਹੋਟਲ ਨੇ ਪ੍ਰੋਗਰਾਮ ਰੱਦ ਕਰ ਦਿੱਤਾ ਤੇ ਕਿਹਾ ਕਿ ਉਸ ਦਿਨ ਗੰਗਾ ਆਰਤੀ ਕੀਤੀ ਜਾਵੇਗੀ। ਕੇਰਲਾ ਵਿੱਚ ਆਰ ਐੱਸ ਐੱਸ ਦੇ ਲੋਕ ਸਕੂਲਾਂ 'ਤੇ ਦਬਾਅ ਪਾ ਰਹੇ ਹਨ ਕਿ ਉਹ ਕ੍ਰਿਸਮਿਸ ਦੇ ਪ੍ਰੋਗਰਾਮ ਰੱਦ ਕਰ ਦੇਣ। ਓਡੀਸ਼ਾ ਵਿੱਚ ਇੱਕ ਸੜਕ 'ਤੇ ਸਾਂਤਾ ਦੀ ਡਰੈੱਸ ਵੇਚਣ ਵਾਲਿਆਂ ਨੂੰ ਧਮਕਾਇਆ ਗਿਆ। ਵਿਸ਼ਵ ਹਿੰਦੂ ਪ੍ਰੀਸ਼ਦ ਨੇ ਬਕਾਇਦਾ ਬਿਆਨ ਜਾਰੀ ਕਰਕੇ ਹਿੰਦੂਆਂ ਨੂੰ ਕਿਹਾ ਹੈ ਕਿ ਉਹ ਕ੍ਰਿਸਮਿਸ ਦੇ ਪ੍ਰੋਗਰਾਮਾਂ ਵਿੱਚ ਸ਼ਾਮਲ ਨਾ ਹੋਣ।

ਇਹ ਸਭ ਕੁਝ ਧਰਮ ਪਰਿਵਰਤਨ ਦੇ ਵਿਰੋਧ ਦੇ ਨਾਂਅ 'ਤੇ ਕੀਤਾ ਜਾ ਰਿਹਾ ਹੈ, ਜਿਸ ਦਾ ਕੋਈ ਸਬੂਤ ਨਹੀਂ ਹੈ। ਭਾਰਤ ਦੇ ਸੰਵਿਧਾਨ ਮੁਤਾਬਕ ਧਰਮ ਪ੍ਰਚਾਰ ਤੇ ਧਰਮ ਪਰਿਵਰਤਨ ਕੋਈ ਅਪਰਾਧ ਨਹੀਂ ਹੈ ਪਰ ਪਿਛਲੇ ਕੁਝ ਸਾਲਾਂ 'ਚ ਕਈ ਰਾਜਾਂ ਨੇ ਅਜਿਹੇ ਕਾਨੂੰਨ ਬਣਾ ਦਿੱਤੇ ਹਨ, ਜਿਨ੍ਹਾਂ ਮੁਤਾਬਕ ਲਾਲਚ ਦੇ ਕੇ ਜਾਂ ਜਬਰੀ ਧਰਮ ਪਰਿਵਰਤਨ ਨੂੰ ਅਪਰਾਧ ਐਲਾਨਿਆ ਗਿਆ ਹੈ। ਇਨ੍ਹਾਂ ਕਾਨੂੰਨਾਂ ਦੀ ਆੜ ਵਿੱਚ ਈਸਾਈਆਂ 'ਤੇ ਹਮਲੇ ਹੋ ਰਹੇ ਹਨ। ਵਿਡੰਬਨਾ ਇਹ ਹੈ ਕਿ ਅਜਿਹੇ ਮਾਮਲਿਆਂ ਵਿੱਚ ਹਿੰਸਾ ਦੇ ਸ਼ਿਕਾਰ ਈਸਾਈਆਂ ਨੂੰ ਹੀ ਗ੍ਰਿਫਤਾਰ ਕੀਤਾ ਜਾਂਦਾ ਹੈ ਅਤੇ ਉਨ੍ਹਾਂ 'ਤੇ ਮੁਕੱਦਮਾ ਦਾਇਰ ਕੀਤਾ ਜਾਂਦਾ ਹੈ। ਲੱਗਭੱਗ ਸਾਰੇ ਰਾਜਾਂ ਵਿੱਚ ਈਸਾਈਆਂ 'ਤੇ ਕਿਸੇ ਨਾ ਕਿਸੇ ਤਰ੍ਹਾਂ ਦੀ ਹਿੰਸਾ ਦੀ ਖਬਰ ਆਉਂਦੀ ਰਹਿੰਦੀ ਹੈ, ਪਰ ਭਾਜਪਾ ਸ਼ਾਸਤ ਛੱਤੀਸਗੜ੍ਹ ਤਾਂ ਈਸਾਈਆਂ ਖਿਲਾਫ ਹਿੰਸਾ ਦਾ ਕੇਂਦਰ ਬਣ ਗਿਆ ਹੈ।

ਹਿੰਦੂ ਜਥੇਬੰਦੀਆਂ ਦੀ ਦਲੀਲ ਹੈ ਕਿ ਈਸਾਈ ਹਿੰਦੂਆਂ ਦਾ ਧਰਮ ਪਰਿਵਰਤਨ ਕਰਾਉਂਦੇ ਹਨ, ਪਰ ਭਾਰਤ ਵਿੱਚ ਈਸਾਈਆਂ ਦੀ ਆਬਾਦੀ ਕੁਲ ਆਬਾਦੀ ਦਾ ਸਿਰਫ 2.3 ਫੀਸਦੀ ਹੀ ਹੈ। ਪਿਛਲੇ ਕਈ ਦਹਾਕਿਆਂ ਤੋਂ ਇਹ ਹਿੱਸਾ ਲੱਗਭੱਗ ਏਨਾ ਹੀ ਚੱਲਿਆ ਆ ਰਿਹਾ ਹੈ। ਸਚਾਈ ਇਹ ਹੈ ਕਿ ਪਿਛਲੀ ਜਨਗਣਨਾ ਵਿੱਚ ਈਸਾਈਆਂ ਦੀ ਆਬਾਦੀ 'ਚ ਵਾਧਾ ਦਰ 22 ਫੀਸਦੀ ਤੋਂ ਘਟ ਕੇ 15 ਫੀਸਦੀ ਰਹਿ ਗਈ ਸੀ। ਫਿਰ ਵੀ ਈਸਾਈ ਹਿੰਦੂਆਂ ਲਈ ਖਤਰਾ ਬਣੇ ਹੋਏ ਹਨ! ਈਸਾਈਆਂ ਖਿਲਾਫ ਮੁਹਿੰਮ ਕੁਝ ਸਾਲਾਂ ਤੋਂ ਤੇਜ਼ੀ ਨਾਲ ਚੱਲ ਰਹੀ ਹੈ। ਈਸਾਈਆਂ ਨੇ ਸਕੂਲ ਬਣਾਏ, ਹਸਪਤਾਲ ਬਣਾਏ, ਕੁਸ਼ਟ ਰੋਗੀਆਂ ਦੇ ਇਲਾਜ ਲਈ ਪ੍ਰਬੰਧ ਕੀਤੇ। ਉਨ੍ਹਾਂ ਦੇ ਸਕੂਲਾਂ ਵਿੱਚੋਂ ਨਿਕਲਣ ਵਾਲੇ ਲੱਖਾਂ ਹਿੰਦੂ ਬੱਚੇ ਅੱਜ ਚੁੱਪ ਕਿਉਂ ਹਨ? ਅਤੇ ਆਪਾਂ ਚੁੱਪ ਕਿਉਂ ਹਾਂ? ਅਦਾਲਤਾਂ ਖਾਮੋਸ਼ ਕਿਉਂ ਹਨ? ਸਿਆਸੀ ਦਲ ਕਿਉਂ ਚੁੱਪ ਹਨ? ਕੀ ਈਸਾਈ ਭਾਰਤ ਦੇ ਲੋਕ ਨਹੀਂ? ਕੀ ਉਹ ਇਨਸਾਨ ਨਹੀਂ?

# ਸਿੱਖਾਂ ਦੇ ਸਮਰਥਨ ਵਿਚ ਆਏ ਕੌਂਸਲਰ ਡੈਨੀਅਲ
## ਕਿਹਾ:ਮੈਂ ਅਗਲੇ ਸਾਲ ਨਗਰ ਕੀਰਤਨ ਵਿਚ ਜ਼ਰੂਰ ਸ਼ਾਮਲ ਹੋਵਾਂਗਾ



ਔਕਲੈਂਡ:ਕੌਂਸਲਰ ਡੈਨੀਅਲ ਨਿਊਮੈਨ ਨਿਊਜ਼ੀਲੈਂਡ ਦੇ ਇਕ ਉੱਘੇ ਸਿਆਸਤਦਾਨ ਹਨ, ਜੋ ਵਰਤਮਾਨ ਵਿਚ ਮਨੁਰੇਵਾ-ਪਾਪਾਕੁਰਾ ਵਾਰਡ ਲਈ ਔਕਲੈਂਡ ਕੌਂਸਲਰ ਵਜੋਂ ਸੇਵਾ ਨਿਭਾ ਰਹੇ ਹਨ। ਇਸੇ ਹਲਕੇ ਵਿਚ ਨਗਰ ਕੀਰਤਨ ਦੌਰਾਨ ਇਕ ਨਸਲਵਾਦੀ ਟਿਪਣੀਆਂ ਕਰਨ ਵਾਲੇ ਗਰੁਪ ਵਲੋਂ ਵਿਘਨ ਪਾਇਆ ਗਿਆ। ਇਸ ਸਬੰਧ 'ਚ ਉਨ੍ਹਾਂ ਅਪਣਾ ਪ੍ਰਤੀਕਰਮ ਜਾਰੀ ਕੀਤਾ ਹੈ।ਉਨ੍ਹਾਂ ਕਿਹਾ, ਮੈਂ ਔਕਲੈਂਡ ਦੀ ਸਿੱਖ ਕਮਿਊਨਿਟੀ ਵਲੋਂ ਇਸ ਹਫ਼ਤੇ ਸ਼ੁਰੂ ਕੀਤਾ ਗਿਆ ਨਗਰ ਕੀਰਤਨ ਦੇਖ ਕੇ ਅਪਣਾ ਮਾਣ ਪ੍ਰਗਟ ਕਰਨਾ ਚਾਹੁੰਦਾ ਹਾਂ। ਇਹ ਸ਼ਾਂਤਮਈ ਨਗਰ ਕੀਰਤਨ ਮੇਰੇ ਸਿੱਖ ਭਾਈਚਾਰੇ ਨੂੰ ਅਪਣੇ ਪਵਿੱਤਰ ਗ੍ਰੰਥ ਦੀ ਸੰਗਤ ਕਰਨ ਦਾ ਮੌਕਾ ਦਿੰਦਾ ਹੈ, ਜਿਸ ਨੂੰ ਮੇਰੀ ਸਮਝ ਅਨੁਸਾਰ ਗੁਰਦੁਆਰਾ ਨਾਨਕਸਰ ਨਿਊਜ਼ੀਲੈਂਡ ਵਾਪਸ ਲਿਆਂਦਾ ਜਾ ਰਿਹਾ ਸੀ, ਇਕ ਅਜਿਹਾ ਸਥਾਨ ਜੋ ਅਰਦਾਸ ਦਾ ਵੀ ਕੇਂਦਰ ਹੈ ਅਤੇ ਲੰਗਰ ਤੇ ਸਾਂਝ-ਸਾਂਝੇਦਾਰੀ ਦਾ ਵੀ ਹੈ।ਇਸ ਨਾਲ ਹੀ, ਮੈਂ ਉਨ੍ਹਾਂ ਦੇਸ਼ ਭਗਤਾਂ ਪ੍ਰਤੀ ਅਪਣੀ ਗਹਿਰੀ ਨਿਰਾਸ਼ਾ ਵੀ ਪ੍ਰਗਟ ਕਰਦਾ ਹਾਂ ਜਿਨ੍ਹਾਂ ਨੇ ਨਗਰ ਕੀਰਤਨ ਦਾ ਰਸਤਾ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਵਿਰੋਧੀ ਨਾਹਰਿਆਂ ਵਾਲੀਆਂ ਟੀ-ਸ਼ਰਟਾਂ ਪਾ ਕੇ ਰਸਤਾ ਰੋਕਿਆ।ਨਿਊਜ਼ੀਲੈਂਡ ਬਿਲ ਆਫ਼ ਰਾਈਟਸ ਐਕਟ ਦੀ ਧਾਰਾ 15 ਇਹ ਘੋਸ਼ਿਤ ਕਰਦੀ ਹੈ ਕਿ ਹਰ ਵਿਅਕਤੀ ਨੂੰ ਅਪਣੇ ਧਰਮ ਜਾਂ ਵਿਸ਼ਵਾਸ ਨੂੰ ਰੀਤ-ਰਿਵਾਜ, ਅਭਿਆਸ ਜਾਂ ਸਿਖਿਆ ਰਾਹੀਂ ਪ੍ਰਗਟ ਕਰਨ ਦਾ ਅਧਿਕਾਰ ਹੈ।ਚਾਹੇ ਇਕੱਲੇ ਜਾਂ ਹੋਰਾਂ ਨਾਲ ਮਿਲ ਕੇ ਕੀਤਾ ਜਾਵੇ। ਉਸ ਅਨੁਸਾਰ, ਸਿੱਖ ਭਾਈਚਾਰੇ ਨੇ ਅਪਣਾ ਨਗਰ ਕੀਰਤਨ ਯੋਜਨਾ ਅਨੁਸਾਰ ਕੀਤਾ ਅਤੇ ਤੈਅ ਕੀਤੇ ਰਸਤੇ ਫ਼ਰਸਤੁੱਤੇ ਕਾਇਮ ਰਹੇ ਅਤੇ ਉਹ ਨੌਜਵਾਨ ਜਿਨ੍ਹਾਂ ਨੇ ਉਹ ਟੀ-ਸ਼ਰਟਾਂ ਪਾਈਆਂ ਹੋਈਆਂ ਸਨ ਉਨ੍ਹਾਂ ਨੂੰ ਵੀ ਅਪਣੀ ਰਾਏ ਰੱਖਣ ਦਾ ਅਧਿਕਾਰ ਹੈ। ਪਰ ਇਥੇ ਸੰਦਰਭ ਨੂੰ ਸਮਝਣਾ ਜ਼ਰੂਰੀ ਹੈ।

# ਕਾਰਨੀ ਨੇ ਕਨੇਡੀਅਨ ਲੋਕਾਂ ਨੂੰ ਇੱਕਜੁੱਟ ਰਹਿਣ ਦਾ ਦਿੱਤਾ ਸੁਨੇਹਾ

ਓਟਵਾ:ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕੈਨੇਡੀਅਨਜ਼ ਨੂੰ ਛੁੱਟੀਆਂ ਦਾ ਸੁਨੇਹਾ ਦਿੰਦਿਆਂ ਆਖਿਆ ਕਿ ਇਹ ਸਮਾਂ ਆਪਣੇ ਰੁਝੇਵਿਆਂ ਨੂੰ ਪਿੱਛੇ ਛੱਡ ਕੇ ਆਪਣੇ ਪਿਆਰਿਆਂ ਤੇ ਪਰਿਵਾਰਾਂ ਨਾਲ ਮੁੜ ਜੁੜਨ ਦਾ ਸਮਾਂ ਹੁੰਦਾ ਹੈ। ਇਸ ਵੇਲੇ ਸਾਨੂੰ ਅਪਣੀ ਰੋਜ਼ਾਨਾ ਦੀ ਭੱਜ ਨੱਠ ਛੱਡ ਕੇ ਰਫਤਾਰ ਘਟਾਉਣੀ ਚਾਹੀਦੀ ਹੈ ਤੇ ਕੁੱਝ ਸਮਾਂ ਆਪਣਿਆਂ ਨਾਲ ਵੀ ਗੁਜ਼ਾਰਨਾ ਚਾਹੀਦਾ ਹੈ। ਆਪਣੇ ਰਿਕਾਰਡ ਕੀਤੇ ਸੁਨੇਹੇ ਵਿੱਚ ਕਾਰਨੀ ਨੇ ਆਖਿਆ ਕਿ ਛੁੱਟੀਆਂ ਸਮੇਂ ਸਾਨੂੰ ਆਪਣੀ ਰਵਾਇਤ ਯਾਦ ਆਉਂਦੀ ਹੈ ਕਿ ਕਿਵੇਂ ਹਨ੍ਹੇਰੇ ਤੋਂ ਬਾਅਦ ਰੋਸ਼ਨੀ ਹੁੰਦੀ ਹੈ। ਕਾਰਨੀ ਆਪ ਕੈਥੋਲਿਕ ਹਨ ਤੇ ਉਨ੍ਹਾਂ ਯਿਸ਼ੂ ਮਸੀਹ ਦੀ ਗੱਲ ਕਰਦਿਆਂ ਮੁਆਫੀ ਤੇ ਫਰਾਖਦਿਲੀ ਦੀ ਮਿਸਾਲ ਵੀ ਦਿੱਤੀ। ਉਨ੍ਹਾਂ ਆਖਿਆ ਕਿ ਕੈਨੇਡੀਅਨਜ਼ ਜਦੋਂ ਤੱਕ ਇੱਕਜੁੱਟ ਹਨ ਤਾਂ ਤਾਕਤਵਰ ਹਨ। ਸਾਨੂੰ ਇੱਕ ਦੂਜੇ ਦਾ ਧਿਆਨ ਰੱਖਣਾ ਚਾਹੀਦਾ ਹੈ।

# ਨਿਊਜ਼ੀਲੈਂਡ ਵਿੱਚ ਕੱਢੇ ਜਾ ਰਹੇ ਨਗਰ ਕੀਰਤਨ ਦੇ ਵਿਰੋਧ ਦਾ ਕੀ ਹੈ ਮਾਮਲਾ?

ਨਿਊਜ਼ੀਲੈਂਡ ਦੇ ਆਕਲੈਂਡ ਵਿੱਚ ਸਿੱਖਾਂ ਦੇ ਧਾਰਮਿਕ ਨਗਰ ਕੀਰਤਨ ਦੇ ਵਿਰੋਧ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਮਗਰੋਂ ਨਿਊਜ਼ੀਲੈਂਡ ਅਤੇ ਭਾਰਤ ਵਿੱਚ ਸਿੱਖ ਸੰਗਤਾਂ, ਪੰਥਕ ਆਗੂਆਂ ਤੇ ਸਿਆਸੀ ਆਗੂਆਂ ਵੱਲੋਂ ਸਖਤ ਨਾਰਾਜ਼ਗੀ ਪ੍ਰਗਟਾਈ ਜਾ ਰਹੀ ਹੈ।ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਇਹ ਨਗਰ ਕੀਰਤਨ ਲੰਘੇ ਸ਼ਨੀਵਾਰ ਨੂੰ ਆਕਲੈਂਡ ਵਿਖੇ ਕੱਢਿਆ ਜਾ ਰਿਹਾ ਸੀ ਅਤੇ ਉਸੇ ਦੌਰਾਨ ਰਸਤੇ ਵਿੱਚ ਲੋਕਾਂ ਦੇ ਇੱਕ ਸਮੂਹ ਨੇ ਇਸ ਦਾ ਵਿਰੋਧ ਕੀਤਾ।ਪੁਲਿਸ ਦਾ ਕਹਿਣਾ ਹੈ ਕਿ ਉਹ ਇਸ ਮਾਮਲੇ ਵਿੱਚ ਪੁੱਛਗਿੱਛ ਕਰ ਰਹੇ ਹਨ ਅਤੇ ਲਗਾਤਾਰ ਸਿੱਖ ਭਾਈਚਾਰੇ ਨਾਲ ਸੰਪਰਕ ਵਿੱਚ ਹਨ।ਇਸ ਸਬੰਧੀ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੇ ਹਨ, ਜਿਨ੍ਹਾਂ ਵਿੱਚ ਦੇਖਿਆ ਜਾ ਸਕਦਾ ਹੈ ਕਿ ਕੁਝ ਲੋਕ ਨਗਰ ਕੀਰਤਨ ਦਾ ਵਿਰੋਧ ਕਰ ਰਹੇ ਹਨ ਅਤੇ ਆਪਣੇ ਹੱਕਾਂ ਤੇ ਆਪਣੀ ਧਰਤੀ ਦੀਆਂ ਗੱਲਾਂ ਕਰ ਰਹੇ ਹਨ।

ਇਸ ਪੂਰੇ ਘਟਨਾਕ੍ਰਮ ਨਾਲ ਸਬੰਧਤ ਵਾਇਰਲ ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਸਿੱਖ ਭਾਈਚਾਰੇ ਦੇ ਨਗਰ ਕੀਰਤਨ ਦੌਰਾਨ ਕੁਝ ਲੋਕਾਂ ਦਾ ਸਮੂਹ ਉਨ੍ਹਾਂ ਦੇ ਸਾਹਮਣੇ ਆ ਕੇ ਵਿਰੋਧ ਪ੍ਰਦਰਸ਼ਨ ਕਰ






ਰਿਹਾ ਹੈ।ਇਸ ਦੌਰਾਨ ਪ੍ਰਦਰਸ਼ਨਕਾਰੀ ਆਪਣੇ ਹੱਕਾਂ ਅਤੇ ਆਪਣੀ ਧਰਤੀ ਸਬੰਧੀ ਨਾਅਰੇਬਾਜ਼ੀ ਵੀ ਕਰ ਰਹੇ। ਵਿਚਕਾਰ ਖੜੇ ਪੁਲਿਸ ਕਰਮਚਾਰੀ ਕਿਸੇ ਵੀ ਟਕਰਾਅ ਨੂੰ ਰੋਕਣ ਲਈ ਤਿਆਰ ਨਜ਼ਰ ਆਉਂਦੇ ਹਨ।ਪੁਲਿਸ ਦੁਆਰਾ ਬੀਬੀਸੀ ਨਿਊਜ਼ ਪੰਜਾਬੀ ਨੂੰ ਜਾਰੀ ਕੀਤੇ ਅਧਿਕਾਰਿਤ ਬਿਆਨ ਮੁਤਾਬਕ, ਸ਼ਨੀਵਾਰ ਦੁਪਹਿਰ 2 ਵਜੇ ਦੇ ਕਰੀਬ ਲਗਭਗ 50 ਲੋਕਾਂ ਦੇ ਇੱਕ ਸਮੂਹ ਨੇ ਗ੍ਰੇਟ ਸਾਊਥ ਰੋਡ ਨੂੰ ਰੋਕ ਦਿੱਤਾ ਅਤੇ ਆਕਲੈਂਡ ਸਿੱਖ ਭਾਈਚਾਰੇ ਦੇ ਮੈਂਬਰਾਂ ਵੱਲੋਂ ਇੱਕ ਨਿਰਧਾਰਤ ਜਨਤਕ ਪਰੇਡ (ਨਗਰ ਕੀਰਤਨ) ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ।

ਪੁਲਿਸ ਨੇ ਨਗਰ ਕੀਰਤਨ ਨੂੰ ਸੁਰੱਖਿਅਤ ਢੰਗ ਨਾਲ ਜਾਰੀ ਰੱਖਣ ਲਈ ਤੇਜ਼ੀ ਨਾਲ ਕਾਰਵਾਈ ਕੀਤੀ ਅਤੇ ਵਾਧੂ ਅਧਿਕਾਰੀਆਂ ਨੂੰ ਵੀ ਮੌਕੇ 'ਤੇ ਬੁਲਾਇਆ ਗਿਆ ਤਾਂ ਜੋ ਨਗਰ ਕੀਰਤਨ 'ਚ ਸ਼ਾਮਲ ਲੋਕਾਂ ਨੂੰ ਬਾਕੀ ਦੇ ਰਸਤੇ ਵਿੱਚ ਕੋਈ ਦਿੱਕਤ ਨਾ ਆਵੇ।

ਨਿਊਜ਼ੀਲੈਂਡ ਵਿੱਚ ਕੱਢੇ ਜਾ ਰਹੇ ਨਗਰ ਕੀਰਤਨ ਦੇ ਵਿਰੋਧ ਦਾ ਕੀ ਹੈ ਮਾਮਲਾ, ਜਿਸ ਦੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੇ।ਪੁਲਿਸ ਦਾ ਕਹਿਣਾ ਹੈ ਕਿ ਇਸ ਮਾਮਲੇ ਵਿੱਚ ਪੁੱਛਗਿੱਛ ਜਾਰੀ ਹੈ ਅਤੇ ਸਿੱਖ ਭਾਈਚਾਰੇ ਦੀ ਸੁਰੱਖਿਆ ਦਾ ਵੀ ਧਿਆਨ ਰੱਖਿਆ ਜਾਵੇਗਾ।ਇਸ ਪੂਰੇ ਮਾਮਲੇ 'ਤੇ ਬੀਬੀਸੀ ਪੰਜਾਬੀ ਨੇ ਨਿਊਜ਼ੀਲੈਂਡ ਦੇ 25 ਗੁਰਦੁਆਰਿਆਂ ਦੀ ਕਮੇਟੀ, ਨਿਊਜ਼ੀਲੈਂਡ ਸੈਂਟਰਲ ਸਿੱਖ ਐਸੋਸੀਏਸ਼ਨ ਦੇ ਪ੍ਰਧਾਨ ਦਲਜੀਤ ਸਿੰਘ ਨਾਲ ਫੋਨ 'ਤੇ ਗੱਲਬਾਤ ਕੀਤੀ।

ਦਲਜੀਤ ਸਿੰਘ ਨੇ ਕਿਹਾ ਕਿ ਨਿਊਜ਼ੀਲੈਂਡ ਵਿੱਚ ਭਾਰਤੀ ਭਾਈਚਾਰਿਆਂ ਨੂੰ ਮਾਣ ਦਿੱਤਾ ਜਾਂਦਾ ਹੈ। ਵੱਡੇ ਪੱਧਰ 'ਤੇ ਈਸਾਈ ਅਤੇ ਮੋਹਰੀ ਲੋਕ ਸਾਰੇ ਹੀ ਸਿਖਾਂ ਦੇ ਨਾਲ ਹਨ।'

ਉਨ੍ਹਾਂ ਕਿਹਾ ਕਿ ''ਪ੍ਰਦਰਸ਼ਨ ਕਰਨ ਵਾਲਾ ਸਮੂਹ ਇਸ ਲਈ ਜ਼ਿਆਦਾ ਪਰੇਸ਼ਾਨ ਹੈ ਕਿ ਪ੍ਰਧਾਨ ਮੰਤਰੀ, ਉਪ ਪ੍ਰਧਾਨ ਮੰਤਰੀ ਅਤੇ ਵਿਰੋਧੀ ਧਿਰ ਦੇ ਆਗੂ ਪਿਛਲੇ 2 ਹਫਤਿਆਂ 'ਚ ਦੋ ਵਾਰ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਮਿਲਣ ਆਏ ਹਨ।''

ਉਨ੍ਹਾਂ ਕਿਹਾ ਕਿ ''ਇਨ੍ਹਾਂ ਨੇ ਸਿਰਫ ਲਾਇਮਲਾਇਟ ਲਈ ਅਜਿਹਾ ਕੀਤਾ ਹੈ। ਅਸੀਂ ਕਿਹਾ ਹੈ ਇਸ ਨੂੰ ਬਹੁਤੀ ਤਵੱਜੋ ਨਾ ਦਿੱਤੀ ਜਾਵੇ ਅਤੇ ਸਾਰੇ 25 ਗੁਰਦੁਆਰਾ ਸਾਹਿਬ ਮਿਲ ਕੇ ਰਾਇ ਕਰ ਰਹੇ ਹਨ ਕਿ ਅੱਗੇ ਤੋਂ ਨਗਰ ਕੀਰਤਨ ਕਿਵੇਂ ਕੀਤੇ ਜਾਣ।''ਦਲਜੀਤ ਸਿੰਘ ਨੇ ਕਿਹਾ ਕਿ ''ਅਸੀਂ ਇਹ ਫੈਸਲਾ ਕੀਤਾ ਹੈ ਕਿ ਇੱਕ ਜ਼ਿਲ੍ਹੇ 'ਚ, ਇੱਕ ਸਾਲ 'ਚ ਇੱਕ ਤੋਂ ਵੱਧ ਨਗਰ ਕੀਰਤਨ ਨਾ ਕਰੋ। ਜਿੱਥੇ ਵੀ ਨਗਰ ਕੀਰਤਨ ਹੁੰਦਾ ਹੈ ਉੱਥੇ ਬਾਕੀ ਗੁਰਦੁਆਰੇ ਆਪਣੇ 10-10 ਬੰਦੇ ਸੁਰੱਖਿਆ ਲਈ ਦੇਣ। ਤੇ ਪੁਲਿਸ ਨੂੰ ਪਹਿਲਾਂ ਦੱਸਿਆ ਜਾਵੇ ਤਾਂ ਜੋ ਲੋੜੀਂਦੇ ਪੁਲਿਸ ਕਰਮੀ ਤਾਇਨਾਤ ਰਹਿ ਸਕਣ।''

ਉਨ੍ਹਾਂ ਕਿਹਾ ਕਿ ਹਾਲੀਆ ਨਗਰ ਕੀਰਤਨ 'ਚ ਵੀ ਪੁਲਿਸ ਮੌਜੂਦ ਸੀ, ਵਿਰੋਧ ਕਾਰਨ ਹੋਰ ਬੈਕਅਪ ਦੀ ਲੋੜ ਪਈ, ਜਿਸ ਦੇ ਆਉਣ ਤੋਂ ਬਾਅਦ ਉਨ੍ਹਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਪਿੱਛੇ ਧੱਕ ਦਿੱਤਾ ਅਤੇ ਨਗਰ ਕੀਰਤਨ ਤੈਅ ਪ੍ਰੋਗਰਾਮ ਤਹਿਤ ਚੱਲਦਾ ਰਿਹਾ।ਉਨ੍ਹਾਂ ਕਿਹਾ ਕਿ ''ਸੱਤਾਧਾਰੀ ਪਾਰਟੀ ਦੇ ਸਾਡੇ ਇਲਾਕੇ ਦੇ ਐਮਪੀ ਰੀਮਾ ਨਾਕਲੇ, ਜੋ ਖੁਦ ਇੱਕ ਈਸਾਈ ਹਨ, ਨੇ ਵੀ ਇਸ ਮਾਮਲੇ 'ਤੇ ਬਹੁਤ ਸਖ਼ਤ ਬਿਆਨ ਜਾਰੀ ਕੀਤੇ ਹਨ।''

ਉਨ੍ਹਾਂ ਨੇ ਲਿਖਿਆ, "ਮਨੁਰੇਵਾ ਵਿੱਚ ਜੋ ਹੋਇਆ ਉਹ 'ਸ਼ਾਂਤਮਈ ਮੁਜ਼ਾਹਰੇ' ਦਾ ਹਿੱਸਾ ਨਹੀਂ ਸੀ, ਇਹ ਮਿੱਥ ਕੇ ਪਾਇਆ ਗਿਆ ਵਿਘਨ ਸੀ ਜਿਸ ਨੇ ਸਭਿਆਚਾਰ, ਪਛਾਣ ਅਤੇ ਪਬਲਿਕ ਸਪੇਸ ਨੂੰ ਹਥਿਆਰ ਬਣਾ ਕੇ ਵ੍ਹਨਾਉ ਦੇ ਲੋਕਾਂ ਨੂੰ ਸ਼ਰਮਿੰਦਾ ਕੀਤਾ ਅਤੇ ਉਨ੍ਹਾਂ ਨੂੰ ਅਲੱਗ ਮਹਿਸੂਸ ਕਰਵਾਇਆ।" "ਹਾਕਾ ਦੀ ਇਸ ਸੰਦਰਭ ਵਿੱਚ ਦੁਰਵਰਤੋਂ ਕਰਨੀ ਕਾਫੀ ਅਪਮਾਨਜਨਕ ਹੈ।

# ਰੂਸ-ਯੂਕਰੇਨ ਜੰਗ 'ਚ ਸ਼ਾਂਤੀ ਦੀ ਪਹਿਲਕਦਮੀ ਦੇ ਸੰਕੇਤ

ਮਾਸਕੋ: ਰੂਸ-ਯੂਕਰੇਨ ਯੁੱਧ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਦੇ ਵਿਚਕਾਰ, ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਆਪਣੇ ਨਵੀਨਤਮ ਸ਼ਾਂਤੀ ਪ੍ਰਸਤਾਵ ਵਿੱਚ ਗੈਰ-ਫੌਜੀ ਖੇਤਰਾਂ ਦੀ ਸਿਰਜਣਾ ਦਾ ਸੰਕੇਤ ਦਿੱਤਾ ਹੈ। ਕਿਹਾ ਜਾ ਰਿਹਾ ਹੈ ਕਿ ਇਸ ਪ੍ਰਸਤਾਵ ਦਾ ਉਦੇਸ਼ ਸੰਘਰਸ਼ ਵਾਲੇ ਖੇਤਰਾਂ ਵਿੱਚ ਤਣਾਅ ਘਟਾਉਣਾ, ਹੋਰ ਫੌਜੀ ਕਾਰਵਾਈ ਨੂੰ ਰੋਕਣਾ ਅਤੇ ਕੂਟਨੀਤਕ ਗੱਲਬਾਤ ਲਈ ਰਾਹ ਪੱਧਰਾ ਕਰਨਾ ਹੈ। ਸੂਤਰਾਂ ਅਨੁਸਾਰ, ਯੋਜਨਾ ਵਿੱਚ ਆਹਲਾ-ਮਿਆਰੀ ਸੂਤਰਾਂ ਦਾ ਕਹਿਣਾ ਹੈ ਕਿ ਮੌਜੂਦਾ ਮੋਰਚਿਆਂ ਨੂੰ ਫ੍ਰੀਜ਼ ਕਰਨਾ, ਸਰਹੱਦੀ ਖੇਤਰਾਂ ਤੋਂ ਭਾਰੀ ਹਥਿਆਰਾਂ ਅਤੇ ਫੌਜਾਂ ਨੂੰ ਵਾਪਸ ਲੈਣਾ ਅਤੇ ਸੁਰੱਖਿਆ ਨਿਗਰਾਨੀ ਵਿਧੀਆਂ ਨੂੰ ਲਾਗੂ ਕਰਨਾ ਸ਼ਾਮਲ ਕਰਨ ਦੀਆਂ ਚਰਚਾਵਾਂ ਹਨ।ਇਹ ਪ੍ਰਸਤਾਵ ਸੰਯੁਕਤ ਰਾਜ ਅਮਰੀਕਾ ਸਮੇਤ ਅੰਤਰਰਾਸ਼ਟਰੀ ਭਾਈਵਾਲਾਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਸਾਹਮਣੇ ਆਇਆ ਹੈ।ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਘਟਾਉਣ ਲਈ ਡੋਨੇਟਸਕ, ਲੁਹਾਨਸਕ, ਜ਼ਾਪੋਰਿਝਜ਼ੀਆ ਅਤੇ ਖੇਰਸਨ ਵਰਗੇ ਸੰਘਰਸ਼ ਪ੍ਰਭਾਵਿਤ ਖੇਤਰਾਂ ਵਿੱਚ ਬਫਰ/ਫੌਜੀ ਖੇਤਰਾਂ ਦੀ ਸਿਰਜਣਾ ਇਸ ਸ਼ਾਂਤੀ ਢਾਂਚੇ ਤਹਿਤ ਗੱਲਬਾਤ ਕੀਤੀ ਜਾਂ ਰਹੀ ਹੈ। ਇਹੀ ਨਹੀਂ , ਯੂਕਰੇਨ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਕਿਸੇ ਵੀ ਵੱਡੇ ਖੇਤਰੀ ਜਾਂ ਸੁਰੱਖਿਆ ਫੈਸਲਿਆਂ ਲਈ ਰਾਸ਼ਟਰੀ ਸਹਿਮਤੀ ਦੀ ਲੋੜ ਹੋਵੇਗੀ। ਯੂਕਰੇਨੀ ਲੀਡਰਸ਼ਿਪ ਦਾ ਕਹਿਣਾ ਹੈ ਕਿ ਇਹ ਪਹਿਲਕਦਮੀ ਜੰਗਬੰਦੀ ਵੱਲ ਇੱਕ ਭਰੋਸੇ ਦਾ ਪਹਿਲਾ ਕਦਮ ਹੋ ਸਕਦੀ ਹੈ, ਹਾਲਾਂਕਿ ਖੇਤਰੀ ਨਿਯੰਤਰਣ ਅਤੇ ਸੁਰੱਖਿਆ ਗਾਰੰਟੀ ਵਰਗੇ ਮੁੱਦਿਆਂ 'ਤੇ ਮਤਭੇਦ ਬਣੇ ਹੋਏ ਹਨ ਜਿਸ ਬਾਰੇ ਰੂਸ ਦੇ ਰਸਮੀ ਜਵਾਬ ਦੀ ਉਡੀਕ ਹੈ।

Our Package Starts from
$50 per month
ਪੰਜਾਬ ਗਾਰਡੀਅਨ
Call to Advertise
604.590.5200

# ਹਾਸਾ-ਠੱਠਾ ਕਰਦੇ ਰਹੋ

ਸਿਆਣਿਆਂ ਨੇ ਸਹੀ ਕਿਹਾ ਹੈ ਕਿ 'ਹਾਸਾ ਜੀਵਨ ਦੇ ਦੁੱਖਾਂ ਅਤੇ ਰੋਗਾਂ ਦਾ ਰਾਮਬਾਣ ਹੈ।' ਅਸਲ ਵਿੱਚ ਆਦਮੀ ਨੂੰ ਸਰੀਰਕ ਅਤੇ ਭਾਵਨਾਤਮਕ ਤੌਰ 'ਤੇ ਮਜ਼ਬੂਤ ਬਣਾਉਣ ਦਾ ਇਹ ਇੱਕ ਜ਼ਬਰਦਸਤ ਜ਼ਰੀਆ ਹੈ। ਵੈਸੇ ਵੀ ਹੱਸਦਾ ਜਾਂ ਮੁਸਕਰਾਉਂਦਾ ਚਿਹਰਾ ਹਰ ਇਨਸਾਨ ਨੂੰ ਚੰਗਾ ਲੱਗਦਾ ਹੈ। ਬੰਦੇ ਦੇ ਸੱਜਣ-ਮਿੱਤਰ, ਰਿਸ਼ਤੇਦਾਰ ਅਤੇ ਘਰ ਪਰਿਵਾਰ ਆਦਿ ਦੇ ਸਾਰੇ ਹੀ ਲੋਕ ਹੱਸਦੇ-ਖਿੜਦੇ ਚਿਹਰੇ ਵੱਲ ਖਿੱਚੇ ਜਾਂਦੇ ਹਨ ਅਤੇ ਉਸ ਨਾਲ ਨੇੜਤਾ ਵਧਾਉਣ ਦੀ ਕੋਸ਼ਿਸ਼ ਕਰਦੇ ਹਨ।

ਖੁੱਲ੍ਹ ਕੇ ਹੱਸਣ ਨਾਲ ਤਾਜ਼ੀ ਹਵਾ ਫੇਫੜਿਆਂ ਵਿੱਚ ਦਾਖਲ ਹੁੰਦੀ ਹੈ ਅਤੇ ਗੰਧਲੀ ਹਵਾ ਬਾਹਰ ਨਿਕਲਦੀ ਹੈ ਜਿਸ ਨਾਲ ਦਿਲ, ਫੇਫੜੇ ਅਤੇ ਮਾਸਪੇਸ਼ੀਆਂ ਤੰਦਰੁਸਤ ਰਹਿੰਦੇ ਹਨ। ਅਜਿਹਾ ਕਰਨ ਨਾਲ ਸਰੀਰਕ ਦੁੱਖ-ਤਕਲੀਫਾਂ ਘਟ ਜਾਂਦੀਆਂ ਹਨ ਅਤੇ ਮਨ ਚਿੰਤਾਵਾਂ ਤੋਂ ਦੂਰ ਰਹਿੰਦਾ ਹੈ। ਅਜੋਕੇ ਤਣਾਅ ਭਰੇ ਜੀਵਨ ਵਿੱਚ ਹਰੇਕ ਆਦਮੀ ਹਾਸੇ ਅਤੇ ਖ਼ੁਸ਼ੀ ਦੀ ਭਾਲ ਵਿੱਚ ਇੱਧਰ-ਉੱਧਰ ਭਟਕਦਾ ਫਿਰਦਾ ਹੈ। ਅਜਿਹੇ ਵਿੱਚ ਹੱਸਣ ਦਾ ਕੋਈ ਵੀ ਮੌਕਾ ਮਿਲਦਾ ਹੋਵੇ ਤਾਂ ਉਸ ਦਾ ਫਾਇਦਾ ਉਠਾ ਕੇ ਹਾਸੇ ਦੀ ਖੁਰਾਕ ਨੂੰ ਜ਼ਰੂਰ ਹਾਸਲ ਕਰਨਾ ਚਾਹੀਦਾ ਹੈ। ਹੱਸਣ ਨਾਲ ਗੁੱਸਾ, ਤਣਾਅ ਅਤੇ ਸਵੈ-ਦੋਸ਼ ਦੀ ਭਾਵਨਾ ਜਿਹੇ ਨਾਂਹ-ਮੁਖੀ ਵਿਚਾਰ ਮਨ ਤੋਂ ਦੂਰ ਰਹਿੰਦੇ ਹਨ। ਖੁੱਲ੍ਹ ਕੇ ਹੱਸਣ ਨਾਲ ਫੇਫੜਿਆਂ ਦੀ, ਸੀਨੇ ਦੇ ਪੱਠਿਆਂ ਦੀ ਅਤੇ ਮੋਢਿਆਂ ਦੀ ਕਸਰਤ ਹੁੰਦੀ ਹੈ ਅਤੇ ਇਨ੍ਹਾਂ ਦੀ ਥਕਾਵਟ ਲਹਿ ਜਾਂਦੀ ਹੈ ਅਤੇ ਚਿੱਤ ਵੀ ਹਲਕਾ-ਫੁਲਕਾ ਰਹਿੰਦਾ ਹੈ। ਫੇਫੜਿਆਂ ਵਿੱਚ ਤਾਜ਼ੀ ਹਵਾ ਪੂਰੇ ਦਬਾਅ ਨਾਲ ਜਾਣ ਕਰਕੇ ਫੇਫੜੇ ਮਜ਼ਬੂਤ ਬਣਦੇ ਹਨ ਜਿਸ ਨਾਲ ਸਾਹ ਦੇ ਰੋਗਾਂ ਨਾਲ ਲੜਨ ਵਿੱਚ ਸਹਾਇਤਾ ਮਿਲਦੀ ਹੈ। ਹੱਸਣ ਨਾਲ ਸਰੀਰ ਵਿਚਲੀ ਵਾਧੂ ਊਰਜਾ (ਵਾਧੂ ਕੈਲਰੀਜ਼) ਖ਼ਰਚ ਹੋਣ ਨਾਲ ਸਰੀਰ ਵਿੱਚ ਸ਼ੂਗਰ ਦਾ ਪੱਧਰ ਕਾਬੂ ਵਿੱਚ ਰਹਿੰਦਾ ਹੈ।

ਹੱਸਣ ਨਾਲ ਤੁਹਾਡੇ ਆਲੇ-ਦੁਆਲੇ ਦੇ ਲੋਕ ਸਹਿਜੇ ਹੀ ਤੁਹਾਡੇ ਵੱਲ ਆਕਰਸ਼ਿਤ ਹੋ ਜਾਂਦੇ ਹਨ ਜਿਸ ਨਾਲ ਸਮਾਜ ਵਿੱਚ ਤੁਹਾਡੇ ਰਿਸ਼ਤੇ ਗਰਮ-ਜੋਸ਼ੀ ਵਾਲੇ ਬਣੇ ਰਹਿੰਦੇ ਹਨ। ਸੱਜਣਾਂ-ਮਿੱਤਰਾਂ ਨਾਲ ਮਿਲ-ਜੁਲ ਕੇ ਹੱਸਣ ਨਾਲ ਆਪਸੀ ਰਿਸ਼ਤੇ ਮਜ਼ਬੂਤ ਹੁੰਦੇ ਹਨ। ਇਸ ਨਾਲ ਮਨੁੱਖ ਦਾ ਆਤਮ ਵਿਸ਼ਵਾਸ ਵਧਦਾ ਹੈ। ਘਰ ਵਿੱਚ ਹਾਸੇ-ਠੱਠੇ ਵਾਲਾ ਵਾਤਾਵਰਨ ਬਣਾਈ ਰੱਖਣ ਨਾਲ ਪਰਿਵਾਰ ਦੇ ਜੀਆਂ ਵਿੱਚ ਸਨੇਹ ਭਰਪੂਰ ਘਰੇਲੂ ਰਿਸ਼ਤੇ ਬਰਕਰਾਰ ਰਹਿੰਦੇ ਹਨ।

ਹਾਸਾ-ਠੱਠਾ ਕਰਨ ਵਾਲੇ ਲੋਕਾਂ ਦੇ ਸਮਾਜਿਕ ਰਿਸ਼ਤੇ ਵੀ ਵਧੀਆ ਹੁੰਦੇ ਹਨ। ਉਹ ਆਪਣੇ ਸਹਿਯੋਗੀਆਂ ਨਾਲ ਬਿਹਤਰ ਤਾਲਮੇਲ ਬਣਾਉਣ ਦੇ ਸਮਰੱਥ ਹੁੰਦੇ ਹਨ। ਉਨ੍ਹਾਂ ਦੇ ਨੇੜੇ ਆਉਣ ਵਾਲਾ ਕੋਈ ਵੀ ਵਿਅਕਤੀ ਉਨ੍ਹਾਂ ਵੱਲ ਆਪਣੇ-ਆਪ ਖਿੱਚਿਆ ਜਾਂਦਾ ਹੈ। ਇਸ ਲਈ ਅਜਿਹੇ ਲੋਕ ਮਜ਼ਬੂਤ ਸਮਾਜਿਕ ਰਿਸ਼ਤੇ ਕਾਇਮ ਕਰਨ ਦੇ ਕਾਬਿਲ ਹੁੰਦੇ ਹਨ। ਅਜਿਹੇ ਲੋਕ ਭਾਈਚਾਰੇ ਵਿੱਚ ਤਣਾਅ ਭਰੇ ਮਾਹੌਲ ਨੂੰ ਵੀ ਹਾਸੇ-ਠੱਠੇ ਨਾਲ ਹਲਕੇ-ਫੁਲਕੇ ਵਾਤਾਵਰਨ ਵਿੱਚ ਬਦਲ ਕੇ ਸੰਭਾਵੀ ਲੜਾਈ-ਝਗੜੇ ਨੂੰ ਟਾਲ ਦਿੰਦੇ ਹਨ। ਹਾਸਾ-ਠੱਠਾ ਆਦਮੀ ਦੇ ਦ੍ਰਿਸ਼ਟੀਕੋਣ ਨੂੰ ਵੀ ਬਦਲ ਦਿੰਦਾ ਹੈ। ਮਜ਼ਾਕੀਆ ਸੁਭਾਅ ਵਾਲਾ ਆਦਮੀ ਪ੍ਰਸਥਿਤੀਆਂ ਨੂੰ ਵਿਹਾਰਕ ਢੰਗ ਨਾਲ ਵੇਖਦਾ ਹੈ ਜਿਸ ਨਾਲ ਉਸ ਨੂੰ ਕਿਸੇ ਗੰਭੀਰ ਸਮੱਸਿਆ ਦਾ ਹੱਲ ਲੱਭਣ ਵਿੱਚ ਆਸਾਨੀ ਰਹਿੰਦੀ ਹੈ।

ਜਿੱਥੇ ਨਾਂਹ-ਪੱਖੀ ਵਿਚਾਰ ਆਦਮੀ ਦੇ ਸਰੀਰ ਵਿੱਚ ਤਣਾਅ ਪੈਦਾ ਕਰਕੇ ਬਿਮਾਰੀਆਂ ਲਗਾਉਂਦੇ ਹਨ, ਉੱਥੇ ਹੀ ਹਾਂ-ਪੱਖੀ ਵਿਚਾਰ ਦਿਮਾਗ਼ 'ਚੋਂ ਅਜਿਹੇ ਰਸਾਇਣ ਪੈਦਾ ਕਰਦੇ ਹਨ ਜੋ ਸਰੀਰ ਦੀ ਰੋਗ ਰੋਕੂ ਸਮਰੱਥਾ ਨੂੰ ਮਜ਼ਬੂਤ ਕਰਕੇ ਬਿਮਾਰੀਆਂ ਨੂੰ ਘੱਟ ਕਰਨ ਵਿੱਚ ਸਹਾਈ ਹੁੰਦੇ ਹਨ। ਇਸ ਤਰ੍ਹਾਂ ਹਾਸੇ ਦੌਰਾਨ ਪੈਦਾ ਹੋਈ ਉਸਾਰੂ ਊਰਜਾ ਸਰੀਰ ਦੇ ਸਮੂਹ ਅੰਗਾਂ ਨੂੰ ਉਤਸ਼ਾਹਿਤ ਕਰਕੇ ਇਸ ਦੇ ਕਣ-ਕਣ ਵਿੱਚ ਬਿਮਾਰੀਆਂ ਨਾਲ ਲੜਨ ਦੀ ਤਾਕਤ ਭਰ ਦਿੰਦੀ ਹੈ। ਮਾਹਿਰਾਂ ਵੱਲੋਂ ਕੀਤੇ ਇੱਕ ਸਰਵੇ ਅਨੁਸਾਰ ਹਾਸਾ ਆਦਮੀ ਦੀ ਯਾਦ ਸ਼ਕਤੀ ਨੂੰ ਵਧਾਉਂਦਾ ਹੈ। ਹੱਸਣ ਨਾਲ ਸਰੀਰਕ ਤੇ ਮਾਨਸਿਕ ਥਕਾਵਟ ਦੂਰ ਹੋ ਜਾਂਦੀ ਹੈ। ਹੱਸਣ ਨਾਲ ਤਣਾਅ ਨਾਲ ਸਬੰਧਿਤ ਹਾਰਮੋਨ ਘੱਟ ਪੈਦਾ ਹੁੰਦੇ ਹਨ ਅਤੇ ਟੀ (ਠ) ਸੈੱਲ ਜ਼ਿਆਦਾ ਮਾਤਰਾ ਵਿੱਚ ਪੈਦਾ ਹੁੰਦੇ ਹਨ ਜੋ ਸਾਡੀ ਰੋਗ ਰੋਕੂ ਸਮਰੱਥਾ ਨੂੰ ਵਧਾਉਂਦੇ ਹਨ।ਹਾਸਾ ਇੱਕ ਕੁਦਰਤੀ ਪੀੜਨਾਸ਼ਕ ਵੀ ਹੈ, ਇਸ ਲਈ ਇਹ ਸਰੀਰਕ ਦਰਦਾਂ ਨੂੰ ਘੱਟ ਕਰਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਹੱਸਣ ਨਾਲ ਸਰੀਰ ਦੇ ਸਾਰੇ ਪੱਠੇ ਭਾਵ ਮਾਸਪੇਸ਼ੀਆਂ ਸ਼ਾਂਤ ਅਤੇ ਤਣਾਅ ਮੁਕਤ ਰਹਿੰਦੀਆਂ ਹਨ ਜਿਸ ਨਾਲ ਸਰੀਰ ਦੇ ਕਿਸੇ ਵੀ ਹਿੱਸੇ ਵਿੱਚ ਸੋਜਾਂ ਤੋਂ ਉਪਜਦੀਆਂ ਪੀੜਾਂ ਨੂੰ ਆਰਾਮ ਮਿਲਦਾ ਹੈ। ਖੁੱਲ੍ਹ ਕੇ ਹੱਸਣ ਨਾਲ ਦਿਲ ਦੀਆਂ ਮਾਸਪੇਸ਼ੀਆਂ ਨੂੰ ਖੂਨ ਦੀ ਪੂਰਤੀ ਨਿਰਵਿਘਨ ਹੁੰਦੀ ਰਹਿੰਦੀ ਹੈ ਜਿਸ ਨਾਲ ਉਸ ਨੂੰ ਭੋਜਨ ਅਤੇ ਆਕਸੀਜਨ ਭਰਪੂਰ ਮਾਤਰਾ ਵਿੱਚ ਮਿਲਦੇ ਰਹਿੰਦੇ ਹਨ ਅਤੇ ਦਿਲ ਤੰਦਰੁਸਤ ਰਹਿੰਦਾ ਹੈ। ਖੁੱਲ੍ਹ ਕੇ ਹੱਸਣ ਨਾਲ ਬਲੱਡ ਪ੍ਰੈੱਸ਼ਰ ਵੀ ਠੀਕ ਰਹਿੰਦਾ ਹੈ। ਮਨੁੱਖ ਦੁਆਰਾ ਖੁੱਲ੍ਹ ਕੇ ਹੱਸਣ ਨਾਲ ਉਸ ਨੂੰ ਗੂੜ੍ਹੀ ਨੀਂਦ ਆਉਂਦੀ ਹੈ ਅਤੇ ਅਗਲੇ ਦਿਨ ਉਹ ਦਿਨ ਭਰ ਖਿੜਿਆ-ਖਿੜਿਆ ਰਹਿੰਦਾ ਹੈ। ਹਸਮੁੱਖ ਵਿਅਕਤੀ ਜ਼ਿੰਦਗੀ ਵਿੱਚ ਲੰਮਾ ਸਮਾਂ ਜਵਾਨ ਰਹਿੰਦਾ ਹੈ ਅਤੇ ਉਸ ਉੱਤੇ ਬੁਢਾਪਾ ਜਲਦੀ ਨਹੀਂ ਆਉਂਦਾ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਹੱਸਣ ਨਾਲ ਸਰੀਰ ਵਿੱਚ ਦਰਦ ਘਟਾਉਣ ਵਾਲੇ ਰਸਾਇਣ ਕੁਦਰਤੀ ਤੌਰ 'ਤੇ ਪੈਦਾ ਹੁੰਦੇ ਹਨ।ਲਾਫਟਰ-ਥੈਰੇਪੀ ਤੋਂ ਭਾਵ ਹੈ ਲੰਮੇ-ਲੰਮੇ ਸਾਹ ਲੈਂਦਿਆਂ ਤਾੜੀਆਂ ਮਾਰ-ਮਾਰ ਕੇ ਅਤੇ ਜਾਣ-ਬੁੱਝ ਕੇ ਅਤੇ ਖੁੱਲ੍ਹ ਕੇ ਭਾਵ ਜ਼ੋਰ-ਜ਼ੋਰ ਨਾਲ ਹੱਸਣਾ ਹੈ। ਇਸ ਹਾਸੇ ਦੌਰਾਨ ਲੋਕ ਇਕੱਠੇ ਬੈਠ ਕੇ ਅਤੇ ਹਲਕੇ-ਫੁਲਕੇ ਮਾਹੌਲ ਵਿੱਚ ਇੱਕ ਦੂਜੇ ਨੂੰ ਮਜ਼ਾਕੀਆ ਗੱਲਾਂ-ਬਾਤਾਂ ਕਰਦੇ ਹਨ। ਹਾਸਾ ਸਾਡੇ ਦਿਮਾਗ਼ 'ਤੇ ਪਏ ਦਬਾਅ ਨੂੰ ਘਟਾਉਂਦਾ ਹੈ। ਹਾਸੇ ਨਾਲ ਆਕਸੀਜਨ ਨਾਲ ਭਰਪੂਰ ਤਾਜ਼ੀ ਹਵਾ ਫੇਫੜਿਆਂ ਅੰਦਰ ਜਾਂਦੀ ਹੈ ਅਤੇ ਸਾਡੇ ਦਿਲ, ਫੇਫੜਿਆਂ ਅਤੇ ਸਰੀਰ ਦੇ ਸਮੂਹ ਅੰਗਾਂ ਨੂੰ ਤਰੋਤਾਜ਼ਾ ਕਰ ਦਿੰਦੀ ਹੈ। ਮੌਜ-ਮਸਤੀ ਭਰਿਆ ਹਾਸਾ ਤਣਾਅ ਨੂੰ ਘਟਾਅ ਕੇ ਦਿਲ ਦੀ ਧੜਕਣ ਅਤੇ ਬਲੱਡ ਪ੍ਰੈੱਸ਼ਰ ਨੂੰ ਘੱਟ ਕਰਦਾ ਹੈ। ਹਾਸੇ ਨਾਲ ਦਿਮਾਗ਼ ਦੀਆਂ ਨਸਾਂ ਉੱਤੇ ਪਿਆ ਖਿਚਾਅ ਘੱਟ ਜਾਂਦਾ ਹੈ ਜਿਸ ਨਾਲ ਸਾਡਾ ਸਰੀਰ ਸ਼ਾਂਤ ਹੋ ਜਾਂਦਾ ਹੈ।

ਉਕਤ ਤੋਂ ਇਲਾਵਾ ਹਾਸੇ ਦੇ ਸਾਡੇ ਜੀਵਨ ਵਿੱਚ ਲੰਮੇ ਸਮੇਂ ਦੇ ਹੋਰ ਵੀ ਅਨੇਕਾਂ ਪ੍ਰਭਾਵ ਵੇਖਣ ਨੂੰ ਮਿਲਦੇ ਹਨ। ਹੱਸਣ ਨਾਲ ਆਦਮੀ ਦੀ ਸੰਕਟਮਈ ਹਾਲਤਾਂ ਨਾਲ ਲੜਨ ਦੀ ਤਾਕਤ ਵਧ ਜਾਂਦੀ ਹੈ। ਹਾਸਾ ਦੂਜੇ ਲੋਕਾਂ ਨਾਲ ਤਾਲਮੇਲ ਬਣਾਉਣ ਵਿੱਚ ਵੀ ਸਹਾਈ ਹੁੰਦਾ ਹੈ। ਹਾਸਾ ਆਦਮੀ ਦੀ ਚਿੰਤਾ ਨੂੰ ਘਟਾਅ ਕੇ ਮਨੁੱਖ ਦੇ ਆਤਮ-ਸਨਮਾਨ ਨੂੰ ਚੜ੍ਹਦੀ ਕਲਾ ਵਿੱਚ ਰੱਖਦਾ ਹੈ। ਹਾਸਾ ਆਦਮੀ ਦੇ ਗੁੱਸੇ ਨੂੰ ਵੀ ਘੱਟ ਕਰਦਾ ਹੈ। ਮੰਨ ਲਓ, ਕਿਸੇ ਆਦਮੀ ਦੀ ਦੂਜੇ ਆਦਮੀ ਨਾਲ ਕਿਸੇ ਵਿਸ਼ੇ 'ਤੇ ਗਰਮਾ-ਗਰਮ ਬਹਿਸ ਹੁੰਦੀ ਹੋਵੇ ਤਾਂ ਉਸੇ ਵਿਸ਼ੇ ਨੂੰ ਮਜ਼ਾਕੀਆਂ ਬਣਾਉਣ ਨਾਲ ਦੋਵੇਂ ਪਾਸਿਓਂ ਗੁੱਸਾ ਆਪਣੇ-ਆਪ ਘਟ ਜਾਂਦਾ ਹੈ ਅਤੇ ਲੜਾਈ ਝਗੜੇ ਹੋਣ ਦੀ ਸੰਭਾਵਨਾ ਘਟ ਜਾਂਦੀ ਹੈ। ਨਾਰਵੇ ਵਿੱਚ ਕੀਤੇ ਗਏ ਇੱਕ ਸਰਵੇ ਵਿੱਚ ਵੇਖਿਆ ਗਿਆ ਹੈ ਕਿ ਹਾਸਾ-ਠੱਠਾ ਕਰਨ ਵਾਲੇ ਲੋਕ ਗੰਭੀਰ ਅਤੇ ਚਿੰਤਾ ਵਿੱਚ ਰਹਿਣ ਵਾਲੇ ਲੋਕਾਂ ਨਾਲੋਂ ਜ਼ਿਆਦਾ ਲੰਮਾ ਸਮਾਂ ਜਿਉਂਦੇ ਹਨ ਅਤੇ ਸਿਹਤ ਪੱਖੋਂ ਵੀ ਵਧੇਰੇ ਤੰਦਰੁਸਤ ਹੁੰਦੇ ਹਨ। ਇਸ ਲਈ ਖੁੱਲ੍ਹ ਕੇ ਹੱਸਣਾ ਚਾਹੀਦਾ ਹੈ। ਇਸ ਦਾ ਕੋਈ ਨੁਕਸਾਨ ਨਹੀਂ ਬਲਕਿ ਬੇਅੰਤ ਫਾਇਦੇ ਹੀ ਫਾਇਦੇ ਹਨ।

ਅਸ਼ਵਨੀ ਚਥਰਤ-ਸੰਪਰਕ: 62842-20595






# ਆਰ.ਐਸ.ਐਸ ਰੋਕ ਰਹੀ ਹੈ ਕ੍ਰਿਸਮਿਸ ਦੇ ਜਸ਼ਨ:ਮੰਤਰੀ

ਨਵੀਂ ਦਿੱਲੀ: ਕੇਰਲ ਦੇ ਸਿੱਖਿਆ ਮੰਤਰੀ ਵੀ. ਸਿਵਨਕੁੱਟੀ ਨੇ ਉਨ੍ਹਾਂ ਰਿਪੋਰਟਾਂ 'ਤੇ ਚਿੰਤਾ ਪ੍ਰਗਟ ਕੀਤੀ ਕਿ ਰਾਜ ਦੇ ਕੁਝ ਨਿੱਜੀ ਸਕੂਲਾਂ ਨੇ ਕੈਂਪਸ ਵਿੱਚ ਕ੍ਰਿਸਮਸ ਮਨਾਉਣਾ ਬੰਦ ਕਰ ਦਿੱਤਾ ਹੈ ਅਤੇ ਚੇਤਾਵਨੀ ਦਿੱਤੀ ਕਿ ਰਾਜ ਸਰਕਾਰ "ਉੱਤਰੀ ਭਾਰਤ ਵਾਂਗ ਧਰਮ ਅਤੇ ਵਿਸ਼ਵਾਸ ਦੇ ਆਧਾਰ 'ਤੇ ਵੰਡਣ ਵਾਲੇ ਮਾਡਲ" ਨੂੰ ਬਰਦਾਸ਼ਤ ਨਹੀਂ ਕਰੇਗੀ। ਮੰਤਰੀ ਨੇ ਉਨ੍ਹਾਂ ਘਟਨਾਵਾਂ ਦਾ ਹਵਾਲਾ ਦਿੱਤਾ ਜਿੱਥੇ ਸਕੂਲ ਪ੍ਰਬੰਧਨ ਨੇ ਆਰਐਸਐਸ ਨਾਲ ਜੁੜੇ ਸਮੂਹਾਂ ਦੇ ਦਬਾਅ ਕਾਰਨ ਵਿਦਿਆਰਥੀਆਂ ਤੋਂ ਸਾਲ ਦੇ ਅੰਤ ਦੇ ਜਸ਼ਨਾਂ ਲਈ ਇਕੱਠੇ ਕੀਤੇ ਫੰਡ ਵਾਪਸ ਕਰ ਦਿੱਤੇ। ਸਿਵਨਕੁੱਟੀ ਨੇ ਕਿਹਾ, "ਬਹੁਤ ਸਾਰੇ ਮਾਪਿਆਂ, ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਮੈਨੂੰ ਸ਼ਿਕਾਇਤ ਕੀਤੀ ਹੈ। ਸਰਕਾਰ ਇਸ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੀ ਹੈ। ਆਰਐਸਐਸ ਦੀਆਂ ਧਮਕੀਆਂ ਕਾਰਨ ਕ੍ਰਿਸਮਸ ਮਨਾਉਣ ਨੂੰ ਰੱਦ ਕਰਨ ਵਾਲੇ ਸਕੂਲ ਪ੍ਰਬੰਧਨਾਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ।" ਮੰਤਰੀ ਨੇ ਆਰਐਸਐਸ 'ਤੇ ਘੱਟ ਗਿਣਤੀ ਭਾਈਚਾਰਿਆਂ, ਜਿਵੇਂ ਕਿ ਈਸਾਈ ਅਤੇ ਮੁਸਲਮਾਨਾਂ ਨੂੰ ਧਾਰਮਿਕ ਤਿਉਹਾਰ ਮਨਾਉਣ ਤੋਂ ਰੋਕਣ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ, "ਆਰਐਸਐਸ ਸਮਾਜ ਵਿੱਚ ਫਿਰਕੂ ਫੁੱਟ ਪੈਦਾ ਕਰਨ ਲਈ ਰਾਜ ਸਰਕਾਰ ਦੀਆਂ ਛੁੱਟੀਆਂ ਨੂੰ ਧਰਮ ਨਾਲ ਜੋੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਨੇ ਕੇਰਲ ਦੇ ਸਕੂਲਾਂ ਨੂੰ ਆਪਣੇ ਵੰਡਣ ਵਾਲੇ ਏਜੰਡੇ ਲਈ ਆਸਾਨ ਨਿਸ਼ਾਨੇ ਵਜੋਂ ਚੁਣਿਆ ਹੈ।

## ਕੇਰਲਾ ਵਿੱਚ ਸੰਘ ਪਰਿਵਾਰ ਦੀ ਨਫ਼ਰਤ ਦੇ ਸ਼ਿਕਾਰ ਪ੍ਰਵਾਸੀ ਮਜ਼ਦੂਰ ਦੀ ਕੁੱਟ ਕੁੱਟ ਕੇ ਹੱਤਿਆ

ਨਵੀਂ ਦਿੱਲੀ: ਕੇਰਲ ਸਰਕਾਰ ਨੇ ਛੱਤੀਸਗੜ੍ਹ ਦੇ ਇੱਕ ਪ੍ਰਵਾਸੀ ਮਜ਼ਦੂਰ ਦੇ ਪਰਿਵਾਰ ਨੂੰ ਘੱਟੋ-ਘੱਟ 10 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਭਰੋਸਾ ਦਿੱਤਾ ਹੈ ਜਿਸਨੂੰ ਪਿਛਲੇ ਹਫ਼ਤੇ ਹਿੰਦੂਤਵੀਆਂ ਨੇ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਸੀ। ਛੱਤੀਸਗੜ੍ਹ ਦੇ ਸਕਤੀ ਜ਼ਿਲ੍ਹੇ ਦੇ 31 ਸਾਲਾ ਨਿਵਾਸੀ ਰਾਮਨਾਰਾਇਣ ਬਘੇਲ ਨੂੰ 16 ਦਸੰਬਰ ਨੂੰ ਭੀੜ ਨੇ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਭੀੜ ਨੂੰ ਉਸ 'ਤੇ ਬੰਗਲਾਦੇਸ਼ੀ ਨਾਗਰਿਕ ਹੋਣ ਦਾ ਸ਼ੱਕ ਸੀ। ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਇਸ ਘਟਨਾ ਦੀ ਇੱਕ ਵੀਡੀਓ ਵਿੱਚ, ਹਮਲਾਵਰਾਂ ਵਿੱਚੋਂ ਇੱਕ ਨੂੰ ਬਘੇਲ ਤੋਂ ਪੁੱਛਦੇ ਸੁਣਿਆ ਜਾ ਸਕਦਾ ਹੈ ਕਿ ਕੀ ਉਹ ਬੰਗਲਾਦੇਸ਼ੀ ਹੈ। ਕੇਰਲ ਦੇ ਸਥਾਨਕ ਸਵੈ-ਸ਼ਾਸਨ ਮੰਤਰੀ ਐਮ. ਬੀ. ਰਾਜੇਸ਼ ਨੇ ਕਿਹਾ ਕਿ ਬਘੇਲ "ਸੰਘ ਪਰਿਵਾਰ ਦੀ ਨਫ਼ਰਤ ਦੀ ਰਾਜਨੀਤੀ ਦਾ ਸ਼ਿਕਾਰ" ਹੋਇਆ ਹੈ। ਉਨ੍ਹਾਂ 'ਤੇ ਹਮਲਾ ਕਰਨ ਵਾਲਿਆਂ ਵਿੱਚ ਆਰਐਸਐਸ ਵਰਕਰ ਵੀ ਸ਼ਾਮਲ ਸਨ ਜਿਨ੍ਹਾਂ ਦੇ ਖਿਲਾਫ ਪਹਿਲਾਂ ਅਪਰਾਧਿਕ ਮਾਮਲੇ ਦਰਜ ਸਨ। ਉਨ੍ਹਾਂ ਕਿਹਾ ਕਿ ਇਹ ਘਟਨਾ ਸਿਰਫ਼ ਭੀੜ ਲਿੰਚਿੰਗ ਦਾ ਮਾਮਲਾ ਨਹੀਂ ਹੈ, ਸਗੋਂ ਜ਼ੈਨੋਫੋਬੀਆ ਅਤੇ ਨਸਲੀ ਪੱਖਪਾਤ ਦਾ ਮਾਮਲਾ ਹੈ। ਰਾਜੇਸ਼ ਨੇ ਕਿਹਾ, "ਕਿਸੇ ਨੂੰ ਬੰਗਲਾਦੇਸ਼ੀ ਕਹਿਣਾ ਵਿਦੇਸ਼ੀ-ਭੈਅ ਅਤੇ ਨਸਲੀ ਰਾਜਨੀਤੀ ਦਾ ਨਤੀਜਾ ਹੈ।" "ਰੁਜ਼ਗਾਰ ਦੀ ਭਾਲ ਵਿੱਚ ਆਏ ਇਸ ਪ੍ਰਵਾਸੀ ਵਰਕਰ ਨੂੰ ਬੰਗਲਾਦੇਸ਼ੀ ਹੋਣ ਦਾ ਲੇਬਲ ਦੇਣ ਤੋਂ ਬਾਅਦ ਘੇਰ ਲਿਆ ਗਿਆ ਅਤੇ ਕੁੱਟਿਆ ਗਿਆ। ਉਹ ਸੰਘ ਪਰਿਵਾਰ ਦੁਆਰਾ ਦੇਸ਼ ਵਿੱਚ ਫੈਲਾਈ ਜਾ ਰਹੀ ਨਸਲੀ ਨਫ਼ਰਤ ਦਾ ਸ਼ਿਕਾਰ ਹੋ ਗਿਆ।













# ਪੰਜਾਬ ਦੇ ਲੋਕੋ !ਨਸ਼ਈ ਅਤੇ ਗੈਂਗਸਟਰ ਸਾਡੇ ਆਗੂ ਨਹੀਂ ਹੋ ਸਕਦੇ

ਗੁਰੂਆਂ, ਸੂਰਬੀਰਾਂ ਤੇ ਸ਼ਹੀਦਾਂ ਦੀ ਧਰਤੀ ਦੇਸ ਪੰਜਾਬ ਨੂੰ ਗੰਧਲਾ ਕਰਨ ਲਈ ਸਰਕਾਰਾਂ ਵੱਲੋਂ ਬੜੀਆਂ ਚਾਲਾਂ ਚੱਲੀਆਂ ਜਾ ਰਹੀਆਂ ਨੇ। ਪੰਜਾਬ ਦੇ ਜੁਝਾਰੂ ਨੌਜਵਾਨਾਂ ਨੂੰ ਗੈਂਗਸਟਰ, ਨਸ਼ਈ ਤੇ ਅੱਯਾਸ਼ ਬਣਾਇਆ ਜਾ ਰਿਹਾ ਹੈ। ਇੱਥੇ ਹੀ ਬੱਸ ਨਹੀਂ, ਬਲਕਿ ਇਹਨਾਂ ਨਸ਼ਈਆਂ ਅਤੇ ਗੈਂਗਸਟਰਾਂ ਨੂੰ ਪਾਲਿਸ਼ ਕਰਕੇ ਪੰਜਾਬ ਦੇ ਵੱਡੇ ਚਿਹਰੇ ਵਜੋਂ ਉਭਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜੇ ਅਸੀਂ ਇਸ ਸਾਜ਼ਿਸ਼ ਨੂੰ ਨਾ ਸਮਝਿਆ ਤੇ ਨਕਾਰਿਆ ਤਾਂ ਉਹ ਦਿਨ ਵੀ ਦੂਰ ਨਹੀਂ, ਜਦੋਂ ਪੰਜਾਬ ਦੀ ਪਛਾਣ ਗੈਂਗਸਟਰਾਂ ਅਤੇ ਨਸ਼ਈਆਂ ਵਜੋਂ ਹੀ ਹੋਵੇਗੀ। ਇਸ ਉੱਤੇ ਸਾਨੂੰ ਲਿਖਣ, ਬੋਲਣ ਅਤੇ ਚੱਲਣ ਦੀ ਲੋੜ ਹੈ। ਚਾਹੇ ਕੋਈ ਰੁੱਸਦਾ ਤਾਂ ਰੁੱਸੇ, ਚਾਹੇ ਕਿਸੇ ਦੇ ਗੋਡੇ ਲੱਗੇ ਜਾਂ ਗਿੱਟੇ। ਪਰ ਸਾਨੂੰ ਆਪਣੇ ਲੋਕਾਂ ਨੂੰ ਅੱਜ ਜਗਾਉਣਾ ਹੀ ਪੈਣਾ ਹੈ, ਨਹੀਂ ਤਾਂ ਇਤਿਹਾਸ ਸਾਨੂੰ ਮਾਫ਼ ਨਹੀਂ ਕਰੇਗਾ। ਬੜੀ ਤ੍ਰਾਸਦੀ ਵਾਲੀ ਗੱਲ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਇੱਥੇ ਗੈਂਗਸਟਰ ਅਤੇ ਨਸ਼ਈ ਮੀਡੀਆ ਵਿੱਚ ਬਹੁਤ ਚਰਚਾ ਵਿੱਚ ਹਨ ਅਤੇ ਹੈਰਾਨੀ ਤੇ ਪੇਸ਼ਾਨੀ ਇਸ ਗੱਲ ਦੀ ਹੈ ਕਿ ਇਹਨਾਂ ਗੈਂਗਸਟਰਾਂ ਅਤੇ

ਨਸ਼ਈਆਂ ਨੂੰ ਮੀਡੀਆ ਵਿੱਚ ਪੰਜਾਬ ਦੇ ਆਗੂਆਂ ਵਜੋਂ ਪੇਸ਼ ਕਰਨ ਅਤੇ ਸਥਾਪਿਤ ਕਰਨ ਦੀ ਘਟੀਆ ਚਾਲ ਚੱਲੀ ਜਾ ਰਹੀ ਹੈ। ਮੀਡੀਆ ਵੱਲੋਂ ਵੀ ਗੈਂਗਸਟਰਾਂ ਅਤੇ ਨਸ਼ਈਆਂ ਵੱਲੋਂ ਉਠਾਏ ਗਏ ਬੇਫਜ਼ੂਲ ਮੁੱਦਿਆਂ ਨੂੰ ਪੂਰੀ ਤਰਜ਼ੀਹ ਦਿੱਤੀ ਜਾ ਰਹੀ ਹੈ ਤੇ ਉਹਨਾਂ ਦੇ ਹੱਕ ਵਿੱਚ ਹਵਾ ਬਣਾਈ ਜਾਂਦੀ ਹੈ।ਲੋਕਾਂ ਨੂੰ ਇੰਝ ਲੱਗਣ ਲਾ ਦਿੱਤਾ ਜਾਂਦਾ ਕਿ ਜੇ ਇਸ ਦਾ ਸਾਥ ਨਾ ਦਿੱਤਾ ਤਾਂ ਪੰਜਾਬ ਲੁੱਟਿਆ, ਕੁੱਟਿਆ ਤੇ ਬਰਬਾਦ ਹੋ ਜਾਏਗਾ। ਇੰਝ ਜਚਾਇਆ ਜਾਂਦਾ ਜਿਵੇਂ ਹੋਰ ਕੋਈ ਪੰਥ ਅਤੇ ਪੰਜਾਬ ਦਾ ਗੰਭੀਰ ਮੁੱਦਾ ਹੀ ਨਾ ਹੋਵੇ, ਪੰਥ ਅਤੇ ਪੰਜਾਬ ਦੇ ਆਗੂ ਅਤੇ ਲੋਕ ਸਾਰੇ ਕੰਮ ਛੱਡ ਕੇ ਪਹਿਲਾਂ ਇਹਨਾਂ ਪਿੱਛੋਂ ਹੀ ਤੁਰ ਪੈਣ।

ਇੱਥੇ ਇਹ ਵੀ ਗੱਲ ਧਿਆਨ ਦੇਣ ਯੋਗ ਹੈ ਕਿ ਉਹ ਗੈਂਗਸਟਰ ਨਾ ਤਾਂ ਬਦਮਾਸ਼ੀ ਛੱਡਦਾ ਹੈ ਤੇ ਨਾ ਹੀ ਉਹ ਨਸ਼ੇਈ ਨਸ਼ਾ ਛੱਡਦਾ ਹੈ। ਸਗੋਂ ਉਹ ਲੋਕਾਂ ਵਿੱਚ, ਮੀਡੀਆ ਵਿੱਚ ਤੇ ਪੰਜਾਬ ਦੀ ਸਿਆਸਤ ਵਿੱਚ ਸਰਗਰਮ ਹੋ ਕੇ ਆਪਣੇ ਗੈਂਗਸਟਰਪੁਣੇ ਅਤੇ ਨਸ਼ੇਂਈਪੁਣੇ ਨੂੰ ਬੜਾਵਾ ਦੇ ਰਿਹਾ ਹੁੰਦਾ ਹੈ ਤੇ ਆਮ ਲੋਕ ਚੁੱਪ ਕਰਕੇ ਉਸਦੀਆਂ ਵੀਡੀਓ-ਪੋਸਟਾਂ ਸ਼ੇਅਰ ਕਰੀ ਜਾਂਦੇ ਹਨ। ਪੰਥ ਅਤੇ ਪੰਜਾਬ ਪ੍ਰਤੀ ਸੁਹਿਰਦ ਲੋਕ ਇਹ ਸਭ ਕੁਝ ਵੇਖ ਕੇ ਬੜੇ ਚਿੰਤਤ ਹਨ ਕਿ ਪੰਜਾਬ ਕਿੱਧਰ ਨੂੰ ਤੁਰਦਾ ਜਾ ਰਿਹਾ ਹੈ ! ਇਹ ਸਵਾਲ ਮੂੰਹ ਅੱਡੀ ਖੜ੍ਹੇ ਹਨ। ਕੀ ਹੁਣ ਇਹਨਾਂ ਨਸ਼ਈਆਂ ਅਤੇ ਗੈਂਗਸਟਰਾਂ ਨੂੰ ਹੀ ਆਪਣੇ ਆਗੂ ਮੰਨ ਲਈਏ ? ਕੀ ਸਾਡੇ ਕੋਲ ਕੋਈ ਹੋਰ ਚੰਗੇ ਬੰਦੇ ਨਹੀਂ ਹਨ ? ਕੀ ਸਾਡੇ ਕੋਲ ਪੜ੍ਹੇ-ਲਿਖੇ, ਉੱਚੇ-ਸੁੱਚੇ ਕਿਰਦਾਰ ਵਾਲੇ ਅਤੇ ਬਾਣੀ-ਬਾਣੇ ਦੇ ਧਾਰਨੀ ਗੁਰਸਿੱਖ ਨਹੀਂ ਸਿੱਧੇ ਲਫਜ਼ਾਂ ਵਿੱਚ ਕਹੀਏ ਤਾਂ ਬੜਾ ਹੀ ਤਮਾਸ਼ਾ ਬਣਦਾ ਜਾ ਰਿਹਾ ਹੈ । ਪਹਿਲਾਂ ਕੋਈ ਨੌਜਵਾਨ ਨਸ਼ਿਆਂ ਦੀ ਦਲਦਲ ਵਿੱਚ ਫਸ ਜਾਂਦਾ ਹੈ ਜਾਂ ਉਹ ਬਦਮਾਸ਼ੀਪੁਣੇ ਵਿੱਚ ਪੈ ਕੇ ਚਾਰ-ਪੰਜ ਕਤਲ ਅਤੇ ਲੁੱਟਾਂ-ਖੋਹਾਂ ਕਰਦਾ ਤੇ ਫਿਰ ਕੁਝ ਸਮਾਂ ਜੇਲ੍ਹ ਵਿੱਚ ਬਿਤਾਉਣ ਤੋਂ ਬਾਅਦ ਉਹ ਕਿਸੇ ਤਰ੍ਹਾਂ ਮੀਡੀਆ ਵਿੱਚ ਆਪਣੀ ਚਰਚਾ ਚਲਾਉਂਦਾ ਹੈ ਤੇ ਕੁਝ ਮੁੱਦਿਆਂ ਦੀ ਗੱਲ ਕਰਕੇ ਲੋਕਾਂ ਨੂੰ ਮਗਰ ਲਗਾਉਂਦਾ ਹੈ ਤੇ ਫਿਰ ਵੋਟਾਂ ਵਿੱਚ ਖੜ੍ਹ ਕੇ ਸਿਆਸਤਦਾਨ ਬਣ ਜਾਂਦਾ ਹੈ। ਇਸੇ ਤਰ੍ਹਾਂ ਨਸ਼ਿਆਂ ਵਿੱਚ ਫਸਿਆ ਹੋਇਆ ਨੌਜਵਾਨ ਵੀ ਚਾਰ-ਪੰਜ ਪੁੱਠੀਆਂ-ਸਿੱਧੀਆਂ ਗੱਲਾਂ ਕਰਕੇ ਮੀਡੀਆ ਵਿੱਚ ਬੈਂਡ ਬਣ ਜਾਂਦਾ ਹੈ ਤੇ ਉਹ ਨਸ਼ਾ ਛੱਡਣ ਦੀ ਬਜਾਏ ਲੋਕਾਂ ਨੂੰ ਮੱਤਾਂ ਦੇਣ ਲੱਗ ਜਾਂਦਾ ਹੈ ਕਿ ਸ਼ਰਾਬ ਤੇ ਚਿੱਟਾ ਬਹੁਤ ਮਾੜੇ ਨੇ ਪਰ ਆਖਦਾ ਹੈ ਕਿ ਭੁੱਕੀ, ਅਫੀਮ ਤੇ ਡੋਡੇ ਬਹੁਤ ਵਧੀਆ ਨੇ।ਉਹ ਕੈਮਰੇ-ਮਾਈਕ ਦੇ ਮੂਹਰੇ ਹੀ ਕਹੀ ਜਾਂਦਾ ਹੈ ਕਿ ਮੈਂ ਤਾਂ ਹੁਣ ਵੀ ਅਫ਼ੀਮ ਖਾ ਕੇ ਆਇਆ ਹਾਂ ਤੇ ਅਫ਼ੀਮ ਦੇ ਲਾਭ ਗਿਣਾਉਣ ਲੱਗ ਜਾਂਦਾ ਹੈ ਤੇ ਬੜੀ ਚਲਾਕੀ ਨਾਲ ਆਪਣੇ ਆਪ ਨੂੰ ਵੀ ਸਹੀ ਠਹਿਰਾ ਕੇ ਪੰਜਾਬ ਦੇ ਨੌਜਵਾਨ ਗੱਭਰੂਆਂ ਨੂੰ ਨਸ਼ਿਆਂ ਦੀ ਲੱਤ ਲਗਾ ਜਾਂਦਾ ਹੈ।

ਲੋਕ ਵੀ ਬਿਨਾਂ ਸੋਚੇ-ਸਮਝੇ ਹੀ ਉਸਦੀ ਵਾਹ-ਵਾਹ ਕਰੀ ਜਾਂਦੇ ਹਨ। ਉਸ ਨਸ਼ਈ ਅਤੇ ਗੈਂਗਸਟਰ ਨਾਲ ਇੰਟਰਵਿਊ ਕਰਨ ਲਈ ਯੂਟਿਊਬ ਚੈਨਲਾਂ ਦੀਆਂ ਕਤਾਰਾਂ ਲੱਗ ਜਾਂਦੀਆਂ ਹਨ। ਉਹਨਾਂ ਗੈਂਗਸਟਰਾਂ ਦੇ ਨਾਲ ਪੰਥ ਅਤੇ ਪੰਜਾਬ ਦੇ ਮੁੱਦਿਆਂ ਦੀਆਂ ਗੱਲਾਂ ਤਾਂ ਇੰਝ ਕੀਤੀਆਂ ਜਾਂਦੀਆਂ ਹਨ ਜਿਵੇਂ ਉਹ ਪੰਥ ਅਤੇ ਪੰਜਾਬ ਦੇ ਬੜੇ ਵੱਡੇ ਰਖਵਾਲੇ ਅਤੇ ਚਿੰਤਤ ਹੋਣ। ਜਿਵੇਂ ਪੰਥ ਅਤੇ ਪੰਜਾਬ ਨੂੰ ਬਚਾਉਣ ਲਈ ਸੰਘਰਸ਼ ਦਾ ਭਾਰ ਸਾਰਾ ਉਹਨਾਂ ਨੇ ਹੀ ਆਪਣੇ ਮੋਢਿਆਂ ਉੱਤੇ ਚੁੱਕਿਆ ਹੋਵੇ।

ਓ ਮੀਡੀਆ ਵਾਲਿਓ ! ਓ ਪੰਜਾਬ ਦੇ ਲੋਕੋ ! ਕੁੱਝ ਹੋਸ਼ ਕਰੋ, ਜਰਾ ਸੋਚੋ, ਵਿਚਾਰੋ ਤੇ ਮੱਥੇ ਨੂੰ ਹੱਥ ਮਾਰੋ। ਇਹਨਾਂ ਨਸ਼ਈਆਂ ਅਤੇ ਗੈਂਗਸਟਰਾਂ ਨੇ ਪੰਜਾਬ ਦਾ ਕੁਝ ਨਹੀਂ ਜੇ ਸੰਵਾਰਨਾ। ਉਹ ਤਾਂ ਖ਼ੁਦ ਦਲਦਲ ਵਿੱਚ ਫਸੇ ਹੋਏ ਨੇ ਜਾਂ ਅਜੇ ਨਿਕਲਣ ਦਾ ਯਤਨ ਕਰ ਰਹੇ ਹਨ। ਉਹ ਤਾਂ ਕਾਨੂੰਨ ਅਤੇ ਸਿਆਸਤਦਾਨਾਂ ਦੇ ਜਾਲ ਤੋਂ ਬਚਣ ਲਈ ਵੱਖ-ਵੱਖ ਰਾਹ ਅਪਣਾ ਰਹੇ ਨੇ, ਉਹਨਾਂ ਵਿੱਚ ਬਦਲਾਖੋਰੀ ਦੀ ਭਾਵਨਾ ਵੀ ਉਬਾਲੇ ਮਾਰ ਰਹੀ ਹੈ। ਉਹ ਤਾਂ ਸਿੱਖੀ ਵਾਲਾ ਰਾਹ ਵੀ ਅਪਣਾਉਣ ਨੂੰ ਤਿਆਰ ਨਹੀਂ।

ਸੋਚ ਕੇ ਤਾਂ ਵੇਖੋ ਇਹਨਾਂ ਤੋਂ ਨੌਜਵਾਨਾਂ ਨੂੰ ਕੀ ਸੇਧ ਮਿਲੇਗੀ ! ਇਸ ਲਈ ਇਹ ਤੁਹਾਡੇ ਪੰਥ ਅਤੇ ਪੰਜਾਬ ਦੇ ਆਗੂ ਨਹੀਂ ਹਨ। 'ਅੱਗਾ ਦੌੜ ਪਿੱਛਾ ਚੌੜ ਵਾਲੀ ਕਹਾਵਤ ਯਾਦ ਰੱਖਣ ਦੀ ਲੋੜ ਹੈ। ਬਾਕੀ ਇਨ੍ਹਾਂ ਨਸ਼ਾਈਆਂ ਅਤੇ ਗੈਂਗਸਟਰਾਂ ਨੂੰ ਇਸ ਭੈੜੇ ਨਰਕ ਵਿੱਚੋਂ ਕੱਢਣ ਲਈ ਹਰ ਸਿੱਖ ਅਤੇ ਪੰਜਾਬੀ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ।

**ਰਣਜੀਤ ਸਿੰਘ ਦਮਦਮੀ ਟਕਸਾਲ**
**011-91- 88722-93883**

# ਔਰੰਗਜੇਬ, ਵਜੀਰ ਖਾਨ ਅਤੇ ਪਹਾੜੀਏ ਹਿੰਦੂ ਰਾਜੇ

ਇਹ ਦਿਨ ਕੌਮ ਮੇਰੀ ਲਈ ਬੜੇ ਭਾਵੁਕ ਹੁੰਦੇ ਨੇ ਅਤੇ ਹਰੇਕ ਸਾਲ ਹੁੰਦੇ ਨੇ।ਅਨੰਦਪੁਰ ਸਾਹਿਬ ਦਾ ਕਿਲਾ ਛਡਣ ਤੋਂ ਲੈ ਕੇ ਸਰਸਾ ਨਦੀ ਫਿਰ ਚਮਕੌਰ ਦੀ ਗੜੀ ਸਰਹੰਦ ਦੀਆਂ ਕੰਧਾਂ ਮਾਛੀਵਾੜੇ ਦਾ ਜੰਗਲ।ਕਹਿਰਾਂ ਦੇ ਦਿਨ ਰਹੇ ਨੇ ਇਹ ਸਿਖ ਇਤਹਾਸ ਦੇ।

ਵਜੀਦਾ ਜਾਂ ਅਰੰਗਜੇਬ ਜਾਂ ਮੁਗਲ ਸਲਤਨਤ ਸਭ ਦੋਸ਼ ਮੁਕਤ ਨਹੀ ਅਤੇ ਕੌਮ ਇਨਾ ਉਪਰ ਹਮੇਸ਼ਾਂ ਫੋਕਸ ਕਰਕੇ ਇਨਾ ਦਿਨਾ ਨੂੰ ਚੇਤੇ ਕਰਦੀ ਰਹਿੰਦੀ।ਪਰ ਇਨਾ ਚੇਤਿਆਂ ਵਿਚ ਓਹ ਅਹਿਮ ਚੇਤੇ ਸ਼ਾਮਲ ਨਹੀ ਹੁੰਦੇ ਜੀਹਨਾ ਕਾਰਣ ਇਨਾ ਦਿਨਾ ਦੀ ਪੀੜਾ ਵਿਚਦੀ ਕੋਮ ਨੂੰ ਲੰਘਣਾ ਪੈਦਾ ਹੈ।ਯਾਦ ਰਹੇ ਪਹਿਲੀ ਜੰਗ ਸਾਰੇ ਹਿੰਦੂ ਰਾਜੇ ਸ਼ੁਰੂ ਕਰਦੇ ਹਨ ਜੀਹਨੂੰ ਭੰਗਾਣੀ ਦਾ ਯੁਧ ਕਿਹਾ ਜਾਂਦਾ ਹੈ।

ਪਹਾੜੀ ਰਾਜੇ ਭੀਮਚੰਦ ਦਾ ਸ਼ੁਰੂ ਕੀਤਾ ਕਲੇਸ਼ ਅਗਿਓਂ ਉਸ ਦੇ ਮੁੰਡੇ ਅਜਮੇਰ ਚੰਦ ਨੇ ਜਾਰੀ ਰਖਿਆ ਅਤੇ ਚਮਕੌਰ ਦੀ ਗੜੀ ਨੂੰ ਘੇਰਾ ਪਾਈ ਰਖਣ ਵਿਚ ਜਿਥੇ ਦਿਲੀ, ਸਰਹੰਦ, ਲਹੌਰ, ਮੁਲਤਾਨ ਸ਼ਾਮਲ ਰਹੇ ਓਥੇ ਬਾਈ ਦੇ ਬਾਈ ਰਾਜਾਂ ਦੀਆਂ ਫੌਜਾਂ ਵੀ ਹਿੰਦੂ ਰਾਜਿਆਂ ਦੀ ਕਮਾਨ ਹੇਠ ਸ਼ਾਮਲ ਰਹੀਆਂ।ਕਿਲਾ ਛੁਡਾਓਣ ਦੀਆਂ ਝੂਠੀਆਂ ਸੌਹਾਂ ਵਿਚ ਜੇ ਕੁਰਾਨ ਸ਼ਾਮਲ ਸੀ ਤਾਂ ਇਸ ਧੋਖੇ ਵਿਚ ਆਟੇ ਦੀ ਗਊ ਵੀ ਬਰਾਬਰ ਖੜੀ ਦਿਸੀ।

ਭੀਮਚੰਦ ਜਾਂ ਬਾਕੀ ਹਿੰਦੂ ਰਾਜਿਆਂ ਦੀ ਇਨੀ ਔਕਾਤ ਨਾ ਸੀ ਕਿ ਅਨੰਦਪੁਰ ਨਾਲ ਇਕੱਲੇ ਭਿੜ ਸਕਦੇ ਪਰ ਗੁਰੂ ਘਰ ਨਾਲ ਈਰਖਾ ਅਤੇ ਨਫਰਤ ਇਨੀ ਭਾਰੂ ਰਹੀ ਕਿ ਕੋਲੋਂ ਪੈਸਾ ਖਰਚ ਕੇ ਯਾਣੀ ਅਸਿੱਧੇ ਰੂਪ ਵਿਚ ਰਿਸ਼ਵਤ ਦੇ ਕੇ ਓਨੀ ਦਿਲੀ ਸਰਹੰਦ ਨੂੰ ਇਸ ਜੰਗ ਵਿਚ ਸ਼ਾਮਲ ਕੀਤਾ ਜਿਹੜੀ ਕਿ ਪਹਿਲਾਂ ਹੀ ਅਨੰਦਪੁਰ ਨਾਲ ਖਹਿੰਦੀ ਆ ਰਹੀ ਸੀ।ਗੁਰੂ ਗੋਬਿੰਦ ਸਿੰਘ ਮਹਾਰਾਜ ਦੀਆਂ 14 ਜੰਗਾਂ ਵਿਚੋਂ 13 ਜੰਗਾਂ ਤਾਂ ਰਹੀਆਂ ਹੀ ਇਸ ਬਦੀ ਦੀ ਜੜ ਨਾਲ ਸਨ ਅਤੇ ਵਾਰ ਵਾਰ ਕੁਟ ਖਾਕੇ ਆਖਰ ਇਨੀ ਅਰੰਗੇ ਦਾ ਜਾ ਤਰਲਾ ਕੀਤਾ।

ਇਨੀ ਦਿਨੀ ਹਿੰਦੂ ਜਦ ਸਾਡੇ ਲਈ ਮਗਰਮੱਛ ਦੇ ਹੰਝੂ ਕੇਰਦਾ ਅਤੇ ਬਾਲ ਦਿਵਸ ਦੇ ਨਾਂ ਤੇ ਖੇਖਣ ਕਰਦਾ ਤਾਂ ਓਹ ਮੁਗਲ ਸਲਤਨਤ ਅਤੇ ਵਜੀਦੇ ਦੀ ਅਤੇ ਅਰੰਗਜੇਬ ਦੀ ਗਲ ਤਾਂ ਕਰਦਾ ਪਰ ਸ਼ੁਰੂਆਤ ਕਿਥੋਂ ਹੋਈ ਛਡ ਜਾਂਦਾ। ਬਦੀ ਦੀ ਜੜ ਕਿਥੇ ਸੀ ਘੇਸਲ ਵਟ ਜਾਂਦਾ। ਇਹ ਉਸ ਦੀ ਬੇਈਮਾਨੀ ਹੈ ਅਤੇ ਜਾਣ ਬੁਝ ਕੇ ਕੀਤੀ ਜਾਂਦੀ ਬੇਈਮਾਨੀ।

ਭੰਗਾਣੀ ਦਾ ਪਹਿਲਾ ਯੁਧ ਹਿੰਦੂ ਰਾਜਿਆਂ ਨਾਲ ਹੋਇਆ ਕਾਰਣ ਬਿਲਾਸਪੁਰ ਦਾ ਭੀਮਚੰਦ। ਭੰਗਾਣੀ ਦੀ ਜੰਗ ਵਿਚ ਸਾਰੀ ਰਜਵਾੜਾ ਸ਼ਾਹੀ ਇਕ ਪਾਸੇ ਅਤੇ ਗੁਰੂ ਕਿਆਂ ਦੀਆਂ ਫੌਜਾਂ ਇਕ ਪਾਸੇ ਸਨ। ਇਥੋਂ ਕੁਟ ਖਾ ਕੇ ਗਈਆਂ ਪਹਾੜਾਂ ਵਿਚਲੀਆਂ ਧਾੜਾਂ ਨੂੰ ਇਨਾ ਤਾਂ ਪਤਾ ਲਗ ਗਿਆ ਸੀ ਕਿ ਗੁਰਾਂ ਨਾਲ ਪੰਗਾ ਲੈ ਸਕਣਾ ਸਾਡੀ ਔਕਾਤ ਨਹੀ ਅਤੇ ਸਭ ਤੋਂ ਪਹਿਲਾਂ ਅਰੰਗਜੇਬ ਦਾ ਦਰਵਾਜਾ ਇਨਾ ਸਭ ਨੇ ਰਲਕੇ ਖੜਕਾਇਆ।

ਜਿਵੇਂ ਮੁਸਲਮਾਨ ਤੁਹਾਡੇ ਨਾਲ ਉਪਰੋਂ ਲੋਲੋ ਪੋਪੋ ਕਰਦੇ ਦਿਸਣਗੇ ਪਰ ਅਰੰਗਜੇਬ ਬਾਰੇ ਕਦੇ ਖੁਲ ਕੇ ਨਹੀ ਬੋਲਣਗੇ ਇਵੇਂ ਹੀ ਹੁਣ ਵਾਲਾ ਹਿੰਦੂ ਉਪਰੋਂ ਮਗਰਮੱਛ ਦੇ ਹੰਝੂ ਤਾਂ ਵਿਹਾਓਂਦਾ ਦਿਸੇਗਾ ਪਰ ਪਹਾੜੀ ਰਾਜਿਆਂ ਯਾਣੀ ਹਿੰਦੂ ਰਾਜਿਆਂ ਬਾਰੇ ਕਦੇ ਬੋਲਦਾ ਨਹੀ ਦਿਸੇਗਾ ਕਿ ਲੜਾਈ ਵਿਚ ਹਿੰਦੂ ਰਾਜੇ ਵੀ ਸ਼ਾਮਲ ਰਹੇ ਸਨ ਜਿੰਨ ਤੋੜ ਤਕ ਯਾਣੀ ਅਨੰਦਪੁਰ ਤੋਂ ਲੈ ਕੇ ਕੇ ਸਰਹੰਦ ਤਕ ਗੁਰਾਂ ਨਾਲ ਦੁਸ਼ਮਣੀ ਨਿਭਾਈ। ਨਹੀ ਨਿਭਾਈ ਤਾਂ ਕੋਈ ਦਸੇ।-ਗੁਰਦੇਵ ਸਿੰਘ ਸੱਧੇਵਾਲੀਆ

ਆਪਣੇ ਵਪਾਰ ਦੇ ਵਾਧੇ ਲਈ
ਇਸ਼ਤਿਹਾਰ ਪਾਉਣ ਲਈ ਫੋਨ
ਕਰੋ:604-590-5200

ਗੁਰੂ ਨਾਨਕ ਗੁਰਸਿੱਖ ਗੁਰਦੁਆਰਾ
ਲਿੰਡਨ (ਬੈਲਿੰਗਹੈਮ), WA (ਯੂ.ਐਸ.ਏ) (USA)
176 E Pole Road / 6934 Meridian St    Lynden, WA. 98264 (Bellingham)



26 ਦਸੰਬਰ ਦਿਨ ਸ਼ੁੱਕਰਵਾਰ ਨੂੰ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਦਿਹਾੜੇ, ਸਾਕਾ ਸਰਹੰਦ ਦੇ ਸ਼ਹੀਦੀ ਜੋੜਮੇਲੇ ਦੇ ਸਬੰਧ ਵਿਚ
ਭਾਈ ਅਮਰੀਕ ਸਿੰਘ ਨਿੱਝਰ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 28 ਦਸੰਬਰ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ।
26-27-28 ਦਸੰਬਰ ਨੂੰ ਲੰਗਰਾਂ ਦੀ ਸੇਵਾ ਸਮੂਹ ਬੀਬੀਆਂ ਵੱਲੋਂ ਹੋਵੇਗੀ।
ਮੁੱਖ ਸੇਵਾਦਾਰ:ਪਰਮਜੀਤ ਸਿੰਘ ਕੁਲਾਰ: 360-733-6444, ਮੁੱਖ ਵਜ਼ੀਰ ਗਿਆਨੀ ਹਰੀ ਸਿੰਘ ਜੀ 360-398-1184
ਵੱਲੋਂ:ਗੁ. ਪ੍ਰਬੰਧਕ ਕਮੇਟੀ ਤੇ ਸਮੂੰਹ ਇਲਾਕਾ ਨਿਵਾਸੀ

# ਕਿਵੇਂ ਹੋਣ ਵਿਦੇਸ਼ਾਂ 'ਚ ਸਿੱਖਾਂ ਦੇ ਧਾਰਮਿਕ ਹੱਕ ਸੁਰੱਖਿਅਤ?

## ਸਿੱਖ ਸੰਗਤ ਨੇ ਸੰਜਮ ਬਣਾਈ ਰੱਖਿਆ ਅਤੇ ਟਕਰਾਅ ਤੋਂ ਬਚਣ ਨੂੰ ਤਰਜੀਹ ਦਿੱਤੀ

ਆਕਲੈਂਡ (ਨਿਊਜ਼ੀਲੈਂਡ) ਦੇ ਉਪ ਨਗਰ ਮਨੂਰੇਵਾ ਵਿਚ ਤਿੰਨ ਦਿਨ ਪਹਿਲਾਂ ਸਿੱਖ ਭਾਈਚਾਰੇ ਦੇ ਨਗਰ ਕੀਰਤਨ ਨੂੰ ਰੋਕਣ ਅਤੇ ਇਸ ਵਿਚ ਸ਼ਾਮਲ ਸਿੱਖਾਂ ਨੂੰ ਭਾਰਤ ਪਰਤਾਏ ਜਾਣ ਦੇ ਨਾਅਰੇ ਲਾਉਣ ਦੀ ਘਟਨਾ ਨਿਖੇਧੀਜਨਕ ਹੈ। ਇਹ ਹਰਕਤ ਇਕ ਕੱਟੜਪੰਥੀ ਇਸਾਈ ਸੰਪਰਦਾ (ਡੈਸਟਿਨੀ ਚਰਚ) ਦੇ ਕਾਰਕੁਨਾਂ ਨੇ ਕੀਤੀ। ਇਸ ਸੰਪਰਦਾ ਦਾ ਨੇਤਾ ਬਿਸ਼ਪ ਬ੍ਰਾਇਨ ਟਾਮਾਕੀ ਹੈ ਜੋ ਨਿਊਜ਼ੀਲੈਂਡ ਦੇ ਮੂਲਵਾਸੀ ਮਾਓਰੀ ਭਾਈਚਾਰੇ ਤੋਂ ਹੈ ਭਾਵੇਂ ਕਿ ਨਸਲੀ ਮਿਸ਼ਰਣ ਕਾਰਨ ਸ਼ਕਲ-ਸੂਰਤ ਤੋਂ ਉਹ ਮਾਓਰੀ ਨਹੀਂ ਜਾਪਦਾ। ਮੀਡੀਆ ਰਿਪੋਰਟਾਂ ਤੇ ਵਾਇਰਲ ਵੀਡੀਓਜ਼ ਦਰਸਾਉਂਦੇ ਹਨ ਕਿ ਦਸਮ ਪਿਤਾ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਨਗਰ ਕੀਰਤਨ ਬਾਜ਼ਬਤ ਢੰਗ ਨਾਲ ਜਾਰੀ ਸੀ ਕਿ ਅਚਾਨਕ ਡੈਸਟਿਨੀ ਚਰਚ ਦੇ ਕਾਰਕੁਨਾਂ ਨੇ ਸਿੱਖ ਭਾਈਚਾਰੇ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਨਗਰ ਕੀਰਤਨ ਦਾ ਰਾਹ ਰੋਕ ਲਿਆ। ਨਾਅਰੇਬਾਜ਼ੀ ਭੜਕਾਊ ਕਿਸਮ ਦੀ ਸੀ।

ਇਸ ਦੇ ਬਾਵਜੂਦ ਸਿੱਖ ਸੰਗਤ ਨੇ ਸੰਜਮ ਬਣਾਈ ਰੱਖਿਆ ਅਤੇ ਟਕਰਾਅ ਤੋਂ ਬਚਣ ਨੂੰ ਤਰਜੀਹ ਦਿੱਤੀ। ਦੋਹਾਂ ਧਿਰਾਂ ਦਰਮਿਆਨ ਧੱਕਾ-ਮੁੱਕੀ ਵਾਲੀ ਨੌਬਤ ਆਉਣ ਤੋਂ ਪਹਿਲਾਂ ਹੀ ਪੁਲੀਸ ਨੇ ਦਖ਼ਲ ਦੇ ਕੇ ਨਗਰ ਕੀਰਤਨ ਦਾ ਪ੍ਰਵਾਹ ਜਾਰੀ ਰੱਖਣਾ ਸੰਭਵ ਬਣਾ ਦਿੱਤਾ। ਅਜਿਹੀ ਭੂਮਿਕਾ ਦੇ ਬਾਵਜੂਦ ਪੁਲੀਸ ਵਲੋਂ ਵਿਖਾਵਾਕਾਰੀਆਂ ਜਾਂ ਉਨ੍ਹਾਂ ਦੇ ਆਗੂ ਬ੍ਰਾਇਨ ਟਾਮਾਕੀ ਖ਼ਿਲਾਫ਼ ਕਾਰਵਾਈ ਨਾ ਕਰਨਾ ਨਾਖ਼ੁਸ਼ਗਵਾਰ ਵਤੀਰਾ ਜਾਪਦਾ ਹੈ; ਖ਼ਾਸ ਕਰ ਕੇ ਇਸ ਤੱਥ ਦੇ ਮੱਦੇਨਜ਼ਰ ਕਿ ਟਾਮਾਕੀ ਖ਼ਿਲਾਫ਼ ਪਹਿਲਾਂ ਵੀ ਕਈ ਮੁਕੱਦਮੇ ਦਰਜ ਹਨ।

ਨਿਊਜ਼ੀਲੈਂਡ, ਕਾਨੂੰਨ ਦੇ ਰਾਜ ਲਈ ਜਾਣਿਆ ਜਾਂਦਾ ਹੈ। ਇਸ ਮੁਲਕ ਦੀਆਂ ਸਰਕਾਰਾਂ ਸਭ ਧਰਮਾਂ ਤੇ ਸਭ ਨਸਲੀ ਫਿਰਕਿਆਂ ਦਾ ਸਤਿਕਾਰ ਕਰਦੀਆਂ ਆਈਆਂ ਹਨ। ਇਸ ਛੋਟੇ ਜਿਹੇ ਪ੍ਰਸ਼ਾਂਤ ਮਹਾਂਸਾਗਰੀ ਮੁਲਕ ਵਿਚ 53 ਹਜ਼ਾਰ ਦੇ ਕਰੀਬ ਸਿੱਖ ਵਸੇ ਹੋਏ ਹਨ। ਇਹ ਸੰਖਿਆ ਨਿਊਜ਼ੀਲੈਂਡ ਦੀ ਕੁਲ ਵਸੋਂ ਦਾ 1.1 ਫ਼ੀ ਸਦੀ ਬਣਦੀ ਹੈ। ਭਾਵੇਂ ਕੋਈ ਵੀ ਸਿੱਖ ਅਰਬਾਂਪਤੀ ਨਹੀਂ, ਫਿਰ ਵੀ ਇਹ ਭਾਈਚਾਰਾ ਅਪਣੀ ਖ਼ੁਸ਼ਹਾਲੀ ਤੇ ਪ੍ਰਫੁਲਤਾ ਸਦਕਾ ਨਿਊਜ਼ੀਲੈਂਡ ਦੇ ਅਰਥਚਾਰੇ ਨੂੰ ਹੁਲਾਰਾ ਦੇਣ ਪੱਖੋਂ ਜ਼ਿਕਰਯੋਗ ਭੂਮਿਕਾ ਨਿਭਾਉਂਦਾ ਆਇਆ ਹੈ।

ਨਸਲੀ ਸਹਿਣਸ਼ੀਲਤਾ ਤੇ ਧਰਮ-ਨਿਰਪੇਖਤਾ ਲਈ ਜਾਣੇ ਜਾਂਦੇ ਨਿਊਜ਼ੀਲੈਂਡ ਵਿਚ ਧਾਰਮਿਕ ਦੁਰਭਾਵਨਾ ਤੇ ਤਲਖ਼ੀ ਵਾਲੀ ਘਟਨਾ ਵਾਪਰਨੀ, ਅਤੇ ਉਹ ਵੀ ਸਿੱਖ ਭਾਈਚਾਰੇ ਵੱਲ ਸੇਧਿਤ ਹੋਣੀ, ਕੱਟੜਪੰਥੀ ਤਾਕਤਾਂ ਦੇ ਉਭਾਰ ਦੀ ਸੂਚਕ ਹੈ। ਮਾਓਰੀ ਸਮਾਜ ਕੱਟੜਪੰਥੀ ਤੋਂ ਅਮੂਮਨ ਮੁਕਤ ਰਿਹਾ ਹੈ। ਇਸ ਦੇ ਕਬੀਲਿਆਂ ਦੇ ਧਾਰਮਿਕ ਰਸਮੋ-ਰਿਵਾਜ ਕਦੇ ਕੁਦਰਤੀ ਤਾਕਤਾਂ ਦੀ ਪੂਜਾ-ਅਰਚਨਾ ਤਕ ਹੀ ਸੀਮਤ ਸਨ, ਪਰ ਦੋ ਸਦੀਆਂ ਤੋਂ ਇਸਾਈ ਮੱਤ ਦੇ ਪ੍ਰਚਾਰ-ਪਾਸਾਰ ਨੇ ਇਸ ਸਮਾਜ ਅੰਦਰ ਵੀ ਕੁੱਝ ਕੱਟੜਪੰਥੀ ਸੰਸਥਾਵਾਂ ਨੂੰ ਪਨਪਣ-ਉਭਰਨ ਦਾ ਆਧਾਰ ਬਖ਼ਸ਼ ਦਿੱਤਾ। ਇਸ ਆਧਾਰ ਦਾ ਲਾਭ ਬ੍ਰਾਇਨ ਟਾਮਾਕੀ ਵਰਗੇ ਨੇਤਾ ਲੈ ਰਹੇ ਹਨ ਜੋ ਬੁਨਿਆਦੀ ਤੌਰ 'ਤੇ ਰਾਜਸੀ ਤਾਕਤ ਦੇ ਲਾਲਸਾਵਾਨ ਹਨ। ਮੀਡੀਆ ਰਿਪੋਰਟਾਂ ਅਨੁਸਾਰ ਟਾਮਾਕੀ, ਪਾਰਲੀਮਾਨੀ ਚੋਣਾਂ ਕਈ ਵਾਰ ਲੜ ਚੁੱਕਾ ਹੈ, ਪਰ ਅਜੇ ਤਕ ਕਾਮਯਾਬ ਨਹੀਂ ਹੋਇਆ। ਇਸ ਦੇ ਬਾਵਜੂਦ ਵੱਡੀਆਂ ਰਾਜਸੀ ਧਿਰਾਂ ਅਪਣੇ ਸਿਆਸੀ ਹਿਤਾਂ ਦੀ ਖ਼ਾਤਿਰ ਉਸ ਦੀਆਂ ਚਰਮਪੰਥੀ ਸਰਗਰਮੀਆਂ ਖ਼ਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕਰਨ ਤੋਂ ਕਤਰਾਉਂਦੀਆਂ ਆਈਆਂ ਹਨ। ਹੁਣ ਵੀ ਚੰਦ ਸੰਸਦ ਮੈਂਬਰਾਂ ਤੇ ਮੁੱਠੀ ਭਰ ਹੋਰ ਰਾਜਨੇਤਾਵਾਂ ਨੇ ਉਸ ਦੀ ਭੜਕਾਊ ਹਰਕਤ ਦੀ ਖੁਲ੍ਹ ਕੇ ਨਿੰਦਾ ਕੀਤੀ ਹੈ, ਬਹੁਤਿਆਂ ਨੇ ਗਿਣਵੇਂ-ਮਿਣਵੇਂ ਸ਼ਬਦਾਂ ਤੋਂ ਅੱਗੇ ਜਾਣ ਦਾ ਯਤਨ ਨਹੀਂ ਕੀਤਾ।ਭਾਰਤ ਵਿਚ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਪੰਜਾਬ ਦੇ ਮੁੱਖ ਮੰਤਰੀ ਨੇ ਨਗਰ ਕੀਰਤਨ ਵਿਚ ਵਿਘਨ ਪਾਉਣ ਵਰਗੇ ਘਟਨਾਕ੍ਰਮ ਦੀ ਨਿਖੇਧੀ ਕਰਦਿਆਂ ਭਾਰਤ ਸਰਕਾਰ ਪਾਸੋਂ ਵਿਦੇਸ਼ਾਂ 'ਚ ਸਿੱਖਾਂ ਦੇ ਧਾਰਮਿਕ ਹੱਕ ਸੁਰੱਖਿਅਤ ਬਣਾਏ ਜਾਣ ਦੀ ਮੰਗ ਕੀਤੀ ਹੈ। ਇਹ ਮੰਗ ਅਪਣੀ ਥਾਂ ਜਾਇਜ਼ ਹੈ, ਪਰ ਅਸਲੀਅਤ ਇਹ ਵੀ ਹੈ ਕਿ ਭਾਰਤ ਸਰਕਾਰ ਵੀ ਕੂਟਨੀਤਕ ਸੀਮਾਵਾਂ ਕਾਰਨ ਲਫ਼ਜ਼ੀ ਨਿੰਦਾ-ਨੁਕਤਾਚੀਨੀ ਤੋਂ ਅੱਗੇ ਨਹੀਂ ਜਾ ਸਕਦੀ। ਹਾਂ, ਜਿੱਥੇ ਜਿੱਥੇ ਸਿੱਖ ਵਸੇ ਹੋਏ ਹਨ, ਉੱਥੇ ਉਨ੍ਹਾਂ ਦੀ ਸ਼ਨਾਖ਼ਤ, ਇਤਿਹਾਸ ਤੇ ਸਬੰਧਤ ਮੁਲਕ ਵਿਚ ਉਨ੍ਹਾਂ ਦੇ ਸਮਾਜਿਕ-ਆਰਥਿਕ ਯੋਗਦਾਨ ਬਾਰੇ ਲੋਕਾਂ ਨੂੰ ਜਾਗ੍ਰਿਤ ਕਰਨ ਦੇ ਯਤਨਾਂ ਵਿਚ ਭਾਰਤੀ ਵਿਦੇਸ਼ ਮੰਤਰਾਲਾ ਅਪਣੇ ਸਫ਼ਾਰਤੀ ਮਿਸ਼ਨਾਂ ਰਾਹੀਂ ਸਹਿਯੋਗ ਜ਼ਰੂਰ ਦੇ ਸਕਦਾ ਹੈ। ਅਜਿਹਾ ਸਹਿਯੋਗ ਸੰਭਵ ਬਣਾਉਣ ਵਾਸਤੇ ਵੀ ਪਹਿਲ, ਮੁਕਾਮੀ ਪ੍ਰਤੀਨਿਧਾਂ ਵਲੋਂ ਹੋਣੀ ਚਾਹੀਦੀ ਹੈ।

ਨਿਊਜ਼ੀਲੈਂਡ ਸਥਿਤ 25 ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਨੇ ਸਾਂਝੀ ਤਾਲਮੇਲ ਕਮੇਟੀ ਬਣਾ ਕੇ ਉਸ ਮੁਲਕ ਦੀ ਸਰਕਾਰ ਪਾਸੋਂ ਸਿੱਖਾਂ ਦੇ ਧਾਰਮਿਕ ਹਿੱਤਾਂ ਦੀ ਸੁਰੱਖਿਆ ਯਕੀਨੀ ਬਣਾਏ ਜਾਣ ਦੀ ਮੰਗ ਕੀਤੀ ਹੈ। ਇਹ ਸੁਚੱਜਾ ਉਪਰਾਲਾ ਹੈ। ਅਜਿਹਾ ਤਾਲਮੇਲ ਚਿਰ-ਸਥਾਈ ਬਣਾਇਆ ਜਾਣਾ ਚਾਹੀਦਾ ਹੈ। ਵਿਦੇਸ਼ ਮੰਤਰਾਲਾ ਇਸ ਕਾਰਜ ਵਿਚ ਸੇਧਗਾਰ ਦੀ ਭੂਮਿਕਾ ਅਵੱਸ਼ ਨਿਭਾ ਸਕਦਾ ਹੈ, ਪਰ ਉਹ ਵੀ ਸਿੱਧੇ-ਅਸਿੱਧੇ ਪ੍ਰਚਾਰ ਤੋਂ ਪਰਹੇਜ਼ ਕਰ ਕੇ।




ਆਪਣੇ ਵਪਾਰ ਦੇ ਵਾਧੇ ਲਈ
ਇਸ਼ਤਿਹਾਰ ਪਾਉਣ ਲਈ ਫੋਨ ਕਰੋ
604-590-5200





## Over 30 Years of Industry Experience

# MULTANI LAW GROUP

ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ
ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ



Gerald F. Robison
Senior Attorney

MULTANI LAW GROUP

**Jashan Multani**

**206-243-4219**



Jashan Multani
Associate Partner

## ਅਸੀਂ ਭਰੋਸੇਯੋਗ ਕਾਨੂੰਨੀ ਸਲਾਹ ਪ੍ਰਦਾਨ ਕਰਦੇ ਹਾਂ

**Services we provide:**

- Immigration/Political Asylum
  U-Visa, Vawa,
- SIJ Guardianship Cases
- Car Accidents/Personal Injury
- Evictions

**ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ**

-ਇੰਮੀਗਰੇਸ਼ਨ/ਪੁਲਿਟੀਕਲ ਅਸਾਈਲਮ,
ਯੂ-ਵੀਜਾ, ਵਾਅਵਾ,
-SIJ ਗਾਰਡੀਅਨਸ਼ਿਪ ਕੇਸ
-ਕਾਰ ਐਕਸੀਡੈਂਟ/ਪ੍ਰਸਨਲ ਇਨਜਰੀ
-ਕਿਰਾਏਦਾਰ ਕੱਢਣਾ

**Website:multanilawgroup.com**

**Email:Jashan@multanilawgroup.com**

Add: 13106 S. East 240th St., #110, Kent, WA 98031

ਸਿਆਟਲ ਨਿਵਾਸੀਆਂ ਦਾ ਜਾਨਿਆਂ ਪਹਿਚਾਨਿਆਂ ਤੇ ਭਰੋਸੇਮੰਦ

# USA TRAVEL

## FLY from Seattle to India

We Represent All Major Airlines

TURKISH AIRLINES · QATAR AIRWAYS القطرية · DELTA · Emirates · Lufthansa



Lowest Fare Guaranteed

We will beat any fare given in Kent/Seattle Area by Any Travel Agency

24 Hr Emergency
Call Amit Juneja: 206-992-2724



*Now 2 Locations To Serve You*

23609 104th Ave SE #101, Kent WA 98031
Ph: 253-867-0450 | 253-867-0451

1729 208th St Suite #202, Bothell WA 98012
Ph: 425-420-1888 | 425-420-1889

Email: info@usatravelguru.com
Website: www.usatravelguru.com

*India Special FARES*

USA Travel Services is your one-stop shop for all of your travel needs.

- Power of Attorney,
- Affidavits, Passports,
- Renunciations
- OCI • Notary Public •
- Translation - Hindi / Punjabi
- Uk & India Online Visa Available

- ਮੁਖਤਿਆਰਨਾਮਾ,
- ਐਫੀਡੈਵਿਟ, ਪਾਸਪੋਰਟ,
- ਓ.ਸੀ.ਆਈ.
- ਨੋਟਰੀ ਪਬਲਿਕ
- ਪੰਜਾਬੀ ਇੰਗਲਿਸ਼ ਦੀ ਟ੍ਰਾਂਸਲੇਸ਼ਨ
- ਇੰਡੀਆ ਦਾ ਵੀਜ਼ਾ ਅਤੇ ਪਾਸਪੋਰਟ ਬਣਵਾਉ



OPEN 6 DAYS A WEEK,
TUESDAY CLOSED

OPENING HOURS
Lunch hours from 11am -2:30pm
Dinner Hours from 5pm-9pm, Last Seating is 8:30pm

The Only True Punjabi (Indian) Vegetarian In Renton

New Pabla Ready To Eat Frozen Cuisine Available

Renton Location has Full Grocery Store & Sweet Shop
East Indian Spices, Dairy Products,

ਤੁਸੀਂ ਇਥੋਂ ਤਾਜਾ ਸਵਾਦਲੀਆਂ ਮਠਿਆਈਆਂ ਖਰੀਦ ਸਕਦੇ ਹੋ



ਪਾਬਲਾ ਇੰਡੀਅਨ ਕੁਜ਼ੀਨ ਦੀ ਰੈਂਟਨ ਵਾਲੀ ਲੋਕੇਸ਼ਨ ਤੋਂ ਤੁਸੀਂ ਹਰ ਤਰ੍ਹਾਂ ਦੀ ਭਾਰਤੀ ਗਰੋਸਰੀ, ਮਿਠਾਈ, ਇੰਡੀਅਨ ਮਸਾਲੇ ਡੇਅਰੀ ਲੈ ਸਕਦੇ ਹੋ।

# Pabla Indian Cuisine

Phone: 425-228-4625  Fax: 425-228-4629

Serving Washington for 27 years.

www.pablacuisine.com
pablacuisine@gmail.com



# PABLA PUNJABI PALACE

2nd Location Now Open in Federal Way, WA

2020 S 314th St, Federal Way, WA 98003 (Hillside Plaza)

• Marriage Parties • Birthday Parties • Mehndi Parties • Business Meetings • Any Kind Of Functions

Specials: Take out 7 Days a week
DJ, Dance Floor, Catering for
All Occasions, Big TV Screens & Family Atmosphere

Seating for 1200 people



ਹੁਣ ਤੁਸੀਂ ਇਸ ਲੋਕੇਸ਼ਨ ਤੋਂ ਇੰਡੀਅਨ ਗਰੌਸਰੀ ਅਤੇ ਮਠਿਆਈਆਂ ਵੀ ਲੈ ਸਕਦੇ ਹੋ

For booking your event Please call Jas pabla At
Ph: 206-769-5559
Email: pablajas@yahoo.com



# PIZZA STATION

15300 33rd Ave S. Suite130, Seatac WA

10% Off All Orders

ਇਥੋਂ ਤੁਸੀਂ ਤਾਜੇ ਅਦਰਕ ਧਨੀਏ ਵਾਲੇ ਪੀਜੇ ਦੇ ਨਾਲ-ਨਾਲ ਭਾਰਤੀ ਗਰੌਸਰੀ ਵੀ ਬਹੁਤ ਘੱਟ ਕੀਮਤਾਂ ਤੇ ਖਰੀਦ ਸਕਦੇ ਹੋ।



PH:206-644-4133

Sun to Thurs: 10 am-10 pm
Fri/Sat: 10 am to 11pm
Email:info@pizzastationwa.com



# Boulevard Market



ਇੰਡੀਅਨ ਗਰੌਸਰੀ ਅਤੇ ਤਾਜੀਆਂ ਸਬਜੀਆਂ/ਫਲਾਂ ਦਾ ਸਟੋਰ ਜਿੱਥੋਂ ਤੁਸੀਂ ਸਭ ਤੋਂ ਘੱਟ ਕੀਮਤਾਂ ਤੇ ਬਹੁਤ ਹੀ ਸਾਫ ਸੁਥਰੀਆਂ ਦਾਲਾਂ ਅਤੇ ਤਾਜੀਆਂ ਸਬਜੀਆਂ, ਹਰ ਪ੍ਰਕਾਰ ਦੀ ਗਰੌਸਰੀ ਖਰੀਦ ਸਕਦੇ ਹੋ, ਸਬਜੀਆਂ ਤੇ ਫਲ ਫਰੂਟ ਹਰ ਰੋਜ ਤਾਜੇ ਮੰਗਵਾਏ ਜਾਂਦੇ ਹਨ।

Opening Hours: 9 am to 9 pm (7Days Week)

PH:206-644-4010



# Space Available for your Ad

ਪੰਜਾਬ ਗਾਰਡੀਅਨ ਨਾਲ
ਐਡ ਪਾਉ ਅਤੇ ਆਪਣਾ
ਬਿਜ਼ਨਸ ਵਧਾਓ



ਪੰਜਾਬ ਗਾਰਡੀਅਨ
PUNJAB GUARDIAN
www.punjabguardian.com

Call to Advertise 604-590-5200



# TEAM ARMY

## REAL ESTATE

Specialties:Buyers's Agent
Listing Agent-Short Sale
*RESIDENTIAL *COMMERCIAL

ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਹਮੇਸ਼ਾਂ ਯਾਦ ਰੱਖੋ।

Maj Parminder (Pari) Mann
Ex Indian Army

SKYLINE PROPERTIES, INC

Cell:425-499-9704
email:parimann@gmail.com



## MORTGAGE

Specialties:Loan Specialist
Many Financing Options Available
*RESIDENTIAL *COMMERCIAL

ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਰੀਫਾਇਨੈਂਸਿੰਗ ਲਈ ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਯਾਦ ਰੱਖੋ



Col Navtej Nijjar
NMLS 1484258

LA Financial Services

Cell:206-334-4035
email:nijjar.n@gmail.com

AUBURN'S
MAIN SUPERMARKET
INDIAN GROCERIES-LIQUOR-WINE
1119E Main St. Auburn, WA 98002
Store hours: Mon-Sat: 8:00 AM - 10:00 PM Sun: 8:00 AM - 9:00 PM
Lowest Prices in Town WIDE VARIETY OF FROZEN FOOD
When you spend $50 or more,get 5% discount
When you spend $100 or more,get 10% discount Discount only apply to Indian Grocery
Apple Farm Paneer $3.99/LB
Fresh Sugarcane Juice
Natural Energy Drink Refresh Your Power
PANI PURI
Fresh Smoothies
FREE PANI-PURI FRI-SUN (12PM 5PM) ONLY 4 Pani Puri/CUSTOMER
ALL KINDS OF HOUSEHOLD UTENSILS (BARTAN) AVAILABLE
BLANKETS ARE ALSO AVAILABILE IN KING, QUEEN, TWIN SIZES
Fresh SugarCane Juice Everyday
Ph:253-249-7430, Cell:253-205-9981
www.auburnsmainsupermarket.com *All prices are marked down



Space Available for your Ad
ਪੰਜਾਬ ਗਾਰਡੀਅਨ ਨਾਲ
ਐਡ ਪਾਉ ਅਤੇ ਆਪਣਾ
ਬਿਜ਼ਨਸ ਵਧਾਓ

Call to Advertise 604-590-5200



WEST CAPITAL LENDING
YOUR PREFFERRED LOCAL LENDER
• ਪੰਜਾਬੀ ਕਮਿਊਨਿਟੀ ਲਈ ਬੇਹਤਰ ਸੇਵਾਵਾਂ
• ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਮੱਦਦ
• ਗੈਸ ਸਟੇਸ਼ਨ, ਹੋਟਲ, ਮੋਟਲ, ਰੈਸਟੋਰੈਂਟਾ ਤੇ ਹੋਰ ਛੋਟੇ ਬਿਜ਼ਨਸਾਂ ਲਈ ਵੀ ਅਸੀਂ ਮੋਰਗੇਜ ਦਾ ਪ੍ਰਬੰਧ ਕਰਦੇ ਹਾਂ
-CONVENTIONAL -FHA -VA Loans -30YR/15YR/10YR FIXED -DSCR
-P&L -30 DAY SOFR ARM -1099 PROGRAM -7/6 SOFR ARMS
-LOT/CUSTOM CONSTRUCTION LOAN AVAILABLE
-24/12 BANK STATEMENT LOANS
ਮੋਰਗੇਜ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਮੱਦਦ ਜਾਂ ਜਾਣਕਾਰੀ ਲੈਣ ਲਈ ਮੇਰੇ ਨਾਲ ਸੰਪਰਕ ਕਰੋ
ਘੱਟ ਰੇਟਾਂ ਦੀ ਗਰੰਟੀ
KESSHAV SHARMA
BRANCH MANAGER
WEST CAPITAL LENDING
Call/text (425) 239-4517
ksharma@westcapitallending.com
westcapitallending.com
NMLS# 2468293 I NMLS# 1566096 I DRE# 02022356
24 Executive Park, Ste 250 Irvine, CA 92614



Ready to grow your business?
Count on us for solutions.
Gifty Singh
Bellevue
400 112th Ave NE
206–909–5226
BANNER BANK
bannerbank.com Member FDIC



JAG'S PIZZA
ਇੰਡੀਅਨ ਸਟਾਈਲ ਪੀਜ਼ਾ
ਮੈਰਿਸਵੈੱਲ ਵਿਚ
ਜਿੱਥੇ ਤੁਹਾਡੇ ਸਵਾਦ ਅਨੁਸਾਰ ਵਧੀਆ
ਅਦਰਕ ਧਨੀਆ ਵਾਲੇ ਮਸਾਲੇਦਾਰ ਤੰਦੂਰੀ ਚਿਕਨ,
ਬਟਰ ਚਿਕਨ, ਕੜਾਹੀ ਚਿਕਨ, ਸ਼ਾਹੀ ਪਨੀਰ,
ਤੰਦੂਰੀ ਪਨੀਰ, ਕੜਾਹੀ ਪਨੀਰ ਅਤੇ ਹਰ ਤਰ੍ਹਾਂ ਦੇ ਵੈਜੀਟੇਰੀਅਨ ਪੀਜ਼ੇ ਬਣਾਏ ਜਾਂਦੇ ਹਨ
PH:360-386-9508
5830 B, Grove St, Marysville, WA
(Inside Shell Gas Station Plaza)
www.jagspizza.com
OPEN 7 DAYS A WEEK SUNDAY TO THURSDAY:11AM TO 10PM
FRIDAY & SATURDAY:11AM TO 11.30PM



HG TAX AND ACCOUNTING
25228 104th AVE SE Suite 103 Kent, WA 98030
IT'S TIME TO SAVE ON YOUR TAXES
OPEN M-F: 10 AM to 6 PM
SAT: 11 AM to 4 PM
SUN: By Appointment
Harpreet Singh, J.D. (253) 202-4516



LANCER TRUCKING LLC
21307-116TH AVE SE, KENT, WA 98031-2206
Running all across United States

Privately owned transportation company that specialized in truckload, less than truckload (LTL) and expedited service with the most competitive rates, quality service. Let us handle your load.
Ph:206-849-1313



ਵਾਸ਼ਿੰਗਟਨ ਦਾ ਸਭ ਤੋਂ ਵੱਡਾ ਇੰਡੀਅਨ ਗਰੌਸਰੀ ਸਟੋਰ
ਇਥੋਂ ਤੁਸੀਂ ਹਰ ਤਰ੍ਹਾਂ ਦੀ ਇੰਡੀਅਨ, ਨੇਪਾਲੀ, ਫਿਜੀ, ਮਿਡਲ ਈਸਟਰਨ, ਏਸ਼ੀਅਨ ਗਰੌਸਰੀ ਲੈ ਸਕਦੇ ਹੋ
GROCERY SINGH
SAT SRI AKAL
LIQUOR - WINE
BEER AVAILABLE
ਇੱਥੇ ਫਰੈੱਸ਼ ਪ੍ਰੋਡਿਊਸ, ਮੀਟ, ਮਠਿਆਈਆਂ ਤੇ ਹੋਰ ਬਹੁਤ ਕੁਝ ਉਪਲਬਧ ਹੈ
We Accept EBT Benefits SNAP
Now HIRING
ਸਾਨੂੰ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ
1825 BROADWAY, EVERETT WA 98201
425-374-7550 / 206-786-0870